# ਇਬਰਾਨੀਆਂ 10:26-31 ਦੀ ਸਖ਼ਤ ਚਿਤਾਉਣੀ

ਫ੍ਰੈਂਕਲਿਨ ਵੱਲੋਂ ਤਿਆਰ ਅਧਿਐਨ

**ਇਬਰਾਨੀਆਂ 10:26-31** ਜੇ ਅਸੀਂ ਸਤ ਦਾ ਗਿਆਨ ਪਰਾਪਤ ਕਰਨ ਦੇ ਪਿੱਛੋਂ **ਜਾਣ ਬੁਝ ਕੇ ਪਾਪ ਕਰੀ ਜਾਈਏ** ਤਾਂ ਪਾਪਾਂ ਦੇ ਨਮਿੱਤ **ਫੇਰ ਕੋਈ ਬਲੀਦਾਨ ਨਹੀਂ।** (27) ਪਰ **ਨਿਆਉਂ** ਦੀ ਭਿਆਣਕ ਉਡੀਕ ਅਤੇ **ਅੱਗ** ਦੀ ਸੜਨ ਬਾਕੀ ਹੈ ਜਿਹੜੀ **ਵਿਰੋਧੀਆਂ ਨੂੰ ਭਸਮ ਕਰ ਦੇਵੇਗੀ।** (28) ਜਿਸ ਕਿਸੇ ਨੇ ਮੂਸਾ ਦੀ ਸ਼ਰਾ ਦੀ ਟਾਲਨਾ ਕੀਤੀ ਹੋਵੇ ਓਹ ਦੋਂਹ ਯਾ ਤਿਹੁੰ ਗਵਾਹਾਂ ਦੀ ਗਵਾਹੀ ਨਾਲ ਬਿਨਾ ਤਰਸ ਕੀਤਿਆਂ ਮਾਰਿਆ ਜਾਂਦਾ ਹੈ। (29) ਤਾਂ ਤੁਹਾਡੇ ਖਿਆਲ ਵਿੱਚ ਉਹ ਕਿੰਨੀਕੁ ਹੋਰ ਵੀ ਕਰੜੀ **ਸਜ਼ਾ** ਦੇ ਜੋਗ ਠਹਿਰਾਇਆ ਜਾਵੇਗਾ ਜਿਹ ਨੇ **ਪਰਮੇਸ਼ਰ ਦੇ ਪੁੱਤਰ ਨੂੰ** ਪੈਰਾਂ ਹੇਠ **ਲਤਾੜਿਆ** ਅਤੇ **ਨੇਮ ਦਾ ਲਹੂ** ਜਿਹ ਦੇ ਨਾਲ ਉਹ **ਪਵਿੱਤਰ ਕੀਤਾ ਗਿਆ** ਸੀ **ਐਵੇਂ ਕਿਵੇਂ ਜਾਣਿਆ** ਅਤੇ ਕਿਰਪਾ ਦੇ ਆਤਮਾ ਦਾ ਅਪਜਸ ਕੀਤਾ। (30) ਕਿਉਂ ਜੋ ਅਸੀਂ ਉਹ ਨੂੰ ਜਾਣਦੇ ਹਾਂ ਜਿਹ ਨੇ ਆਖਿਆ ਭਈ ਬਦਲਾ ਲੈਣਾ ਮੇਰਾ ਕੰਮ ਹੈ, ਮੈਂ ਹੀ ਵੱਟਾ ਲਾਹਵਾਂਗਾ ਅਤੇ ਫੇਰ ਇਹ ਕਿ ਪ੍ਰਭੁ **ਆਪਣੀ ਪਰਜਾ ਦਾ ਨਿਆਉਂ ਕਰੇਗਾ।** (31) ਜੀਉਂਦੇ ਪਰਮੇਸ਼ਰ ਦੇ ਹੱਥ ਵਿੱਚ ਪੈਣਾ ਭਿਆਣਕ ਗੱਲ ਹੈ!

ਇਹ ਬੰਦ ਥੋੜਾ ਡਰਾਉਣਾ ਜਾਪ ਸਕਦਾ ਹੈ। ਇਸ ਨੂੰ ਸਮਝਣਾ ਔਖਾ ਹੈ ਅਤੇ ਬਾਈਬਲ ਦੇ ਹੋਰਨਾਂ ਬੰਦਾਂ ਦੇ ਵਿਰੋਧ ਵਿੱਚ ਜਾਪਦਾ ਹੈ। ਇਹ ਸੈਂਕੜੇ ਵਰ੍ਹਿਆਂ ਤੋਂ ਬਹਿਸ ਦਾ ਵਿਸ਼ਾ ਰਿਹਾ ਹੈ।

ਇਸ ਦੀ ਸਹੀ ਸਮਝ ਨੂੰ ਪ੍ਰਾਪਤ ਕਰਨ ਲਈ ਸਾਨੂੰ ਇਸ ਗੱਲ ਨੂੰ ਚੇਤੇ ਰੱਖਣ ਦੀ ਲੋੜ ਹੈ ਕਿ ਸਾਡਾ ਝੁਕਾਅ ਉਸੇ ਗੱਲ ਵੱਲ ਹੋਵੇਗਾ ਜਿਸ ਦੇ ਅਨੁਸਾਰ ਸਾਨੂੰ ਸਿੱਖਿਆ ਦਿੱਤੀ ਗਈ ਹੈ ਅਤੇ ਜਿਸ ਨੂੰ ਅਸੀਂ ਸਹੀ ਦੇ ਤੌਰ 'ਤੇ ਸਵੀਕਾਰ ਕਰ ਚੁੱਕੇ ਹਾਂ। ਸਾਡੀ ਇਹ ਪੂਰਵ ਧਾਰਨਾ ਸਾਡੇ ਇਸ ਅਧਿਐਨ ਨੂੰ ਨਿਯੰਤ੍ਰਿਤ ਨਾ ਕਰੇ।

ਕਿਸੇ ਵੀ ਔਖੇ ਬੰਦ ਨੂੰ ਸਮਝਣ ਲਈ ਉਸ ਬੰਦ ਦੇ ਸੰਦਰਭ ਨੂੰ ਸਮਝਣਾ ਬਹੁਤ ਮਹੱਤਵਪੂਰਣ ਹੈ। ਇਸ ਕਰਕੇ:

**ਇਬਰਾਨੀਆਂ 7:25-27** ਇਸ ਲਈ ਉਹ ਉਨ੍ਹਾਂ ਦਾ ਜਿਹੜੇ **ਉਹ ਦੇ ਰਾਹੀਂ** ਪਰਮੇਸ਼ਰ ਦੇ ਕੋਲ ਆਉਂਦੇ ਹਨ **ਪੂਰਾ ਨਿਸਤਾਰਾ ਕਰ ਸੱਕਦਾ ਹੈ** ਕਿਉਂ ਜੋ ਉਹ ਉਨ੍ਹਾਂ ਦੀ **ਸਫ਼ਾਰਸ਼ ਕਰਨ ਨੂੰ** ਸਦਾ ਜੀਉਂਦਾ ਹੈ। (26) ਇਹੋ ਜਿਹਾ ਪਰਧਾਨ ਜਾਜਕ ਸਾਡੇ ਲਈ ਫੱਬਦਾ ਸੀ ਜਿਹੜਾ ਪਵਿੱਤਰ, ਨਿਰਦੋਸ਼, ਨਿਰਮਲ, ਪਾਪੀਆਂ ਤੋਂ ਨਿਆਰਾ ਅਤੇ ਅਕਾਸ਼ਾਂ ਤੋਂ ਉੱਚਾ ਕੀਤਾ ਹੋਇਆ ਹੋਵੇ। (27) ਜਿਹ ਨੂੰ ਉਨ੍ਹਾਂ ਪਰਧਾਨ ਜਾਜਕਾਂ ਵਾਂਙੁ ਲੋੜ ਨਹੀਂ ਭਈ ਪਹਿਲਾਂ ਆਪਣਿਆਂ ਅਤੇ ਫੇਰ ਪਰਜਾ ਦਿਆਂ ਪਾਪਾਂ ਲਈ ਬਲੀਦਾਨ **ਨਿੱਤ** ਚੜ੍ਹਾਇਆ ਕਰੇ ਕਿਉਂ ਜੋ ਉਹ **ਇੱਕੋ ਵਾਰ** ਇਹ ਕਰ ਗੁਜ਼ਰਿਆ ਜਦੋਂ **ਆਪਣੇ ਆਪ ਨੂੰ ਚੜ੍ਹਾ ਦਿੱਤਾ।**

**ਮਸਲਾ ਇਹ ਹੈ:** ਪ੍ਰਭੂ ਪਰਮੇਸ਼ਰ ਨੂੰ ਕੇਵਲ **ਇੱਕੋ** ਕੁਰਬਾਨੀ ਨੇ ਪ੍ਰਸੰਨ ਕੀਤਾ। ਇਸ ਦੇ ਵਿੱਚ ਇੱਕ ਹੋਰ ਕੁਰਬਾਨੀ ਜਾਂ ਕੁਝ ਹੋਰ ਜੋੜਣ ਦਾ ਅਰਥ ਹੈ ਕਿ **ਅਸੀਂ ਇਹ ਆਖ ਰਹੇ ਹਾਂ ਭਈ ਜਿਸ ਨੂੰ ਉਸ ਨੇ ਮੁਹੱਈਆ ਕਰਵਾਇਆ ਉਹ**

**ਕਾਫੀ ਨਹੀਂ ਸੀ।** ਇਹ ਗੱਲ ਉਸ ਨੂੰ ਪ੍ਰਸੰਨ ਨਹੀਂ ਕਰਦੀ ਕਿਉਂਕਿ ਜਿਸ ਨੂੰ ਉਸ ਨੇ ਮੁਹੱਈਆ ਕਰਵਾਇਆ ਉਹ ਉਸ ਦਾ ਇਕਲੌਤਾ ਪੁੱਤਰ ਯਿਸੂ ਮਸੀਹ ਹੈ।

**ਇਬਰਾਨੀਆਂ 9:12** ਉਹ ਬੱਕਰਿਆਂ ਅਤੇ ਵੱਛਿਆਂ ਦੇ ਲਹੂ ਦੇ ਰਾਹੀਂ ਨਹੀਂ ਸਗੋਂ **ਆਪਣੇ ਹੀ ਲਹੂ ਦੇ ਰਾਹੀਂ** ਪਵਿੱਤਰ ਅਸਥਾਨਾਂ ਦੇ ਅੰਦਰ **ਸਦੀਪਕ ਨਿਸਤਾਰਾ ਕਮਾ ਕੇ** ਇੱਕੋ ਵਾਰ ਅੰਦਰ ਗਿਆ। ਸੱਚੇ ਵਿਸ਼ਵਾਸੀ ਸਦੀਪਕ ਕਾਲ ਲਈ ਉਸ ਦੇ ਰਹਿਣਗੇ।

- ਸਦੀਪਕ ਜੀਵਨ ਲਈ ਸਾਨੂੰ ਕੇਵਲ ਉਸ ਉੱਤੇ ਵਿਸ਼ਵਾਸ ਕਰਨ ਦੀ ਲੋੜ ਹੈ ਜੋ ਕੁਝ ਉਹ ਆਪ ਹੈ ਅਤੇ ਜੋ ਕੁਝ ਉਸ ਦੀ **ਇੱਕ ਕੁਰਬਾਨੀ** ਨੇ ਸਾਡੇ ਲਈ ਕੀਤਾ ਹੈ।

**ਇਬਰਾਨੀਆਂ 9:14** ਤਾਂ ਕਿੰਨਾ ਹੀ ਵਧੀਕ **ਮਸੀਹ ਦਾ ਲਹੂ** ਜਿਹ ਨੇ ਸਦੀਪਕ ਆਤਮਾ ਦੇ ਰਾਹੀਂ ਆਪਣੇ ਆਪ ਨੂੰ ਦੋਸ਼ ਰਹਿਤ ਪਰਮੇਸ਼ਰ ਦੇ ਅੱਗੇ ਚੜ੍ਹਾਇਆ ਤੁਹਾਡੇ ਅੰਤਹਕਰਨ ਨੂੰ **ਮੁਰਦਿਆਂ ਕੰਮਾਂ ਤੋਂ ਸ਼ੁੱਧ ਕਰੇਗਾ** ਭਈ ਤੁਸੀਂ ਜੀਉਂਦੇ ਪਰਮੇਸ਼ਰ ਦੀ ਉਪਾਸਨਾ ਕਰੋ।

- **ਇੱਕ ਕੁਰਬਾਨੀ** ਅਤੇ ਉਸ ਦੇ ਲਹੂ ਦੁਆਰਾ **ਪੂਰੇ ਕੀਤੇ ਗਏ ਕੰਮ** ਨੂੰ **ਸਮਝਣ** ਅਤੇ ਉਸ ਉੱਤੇ **ਵਿਸ਼ਵਾਸ** ਕਰਨ ਨਾਲ ਤੁਹਾਡਾ ਅੰਤਹਰਨ ਸ਼ੁੱਧ ਹੋ ਜਾਂਦਾ ਹੈ ਅਤੇ ਦੋਸ਼ ਭਾਵਨਾ ਅਤੇ "ਮੁਰਦਾ ਕੰਮਾਂ" ਦੀ ਥਾਂ ਧੰਨਵਾਦ ਅਤੇ ਸ਼ੁਕਰਗੁਜ਼ਾਰੀ ਨਾਲ ਭਰੀ ਪ੍ਰਭੂ ਦੀ ਸੇਵਾ ਲੈ ਲੈਂਦੀ ਹੈ।

**ਇਬਰਾਨੀਆਂ 9:26** ਇਉਂ ਉਹ ਨੂੰ ਜਗਤ ਦੇ ਮੁੱਢੋਂ ਵਾਰ ਵਾਰ ਦੁੱਖ ਭੋਗਣਾ ਪੈਂਦਾ। ਪਰ ਹੁਣ ਜੁੱਗਾਂ ਦੇ ਅੰਤ ਵਿੱਚ ਉਹ ਇੱਕੋ ਵਾਰ ਪਰਗਟ ਹੋਇਆ ਹੈ ਭਈ **ਆਪਣੇ ਆਪ ਦੇ ਬਲੀਦਾਨ ਕਰਨ ਨਾਲ ਪਾਪ ਨੂੰ ਦੂਰ ਕਰੇ।**

- ਪਾਪ ਨੂੰ "ਦੂਰ" ਕਰ ਦਿੱਤਾ ਗਿਆ ਹੈ ਅਤੇ ਹੁਣ ਇਹ ਸਾਡੇ **ਸਦੀਪਕ ਜੀਵਨ** ਦੇ ਸਿਲਸਿਲੇ ਵਿੱਚ ਪ੍ਰਭੂ ਦੇ ਲਈ ਇੱਕ ਮਸਲਾ ਨਹੀਂ ਰਹਿ ਗਿਆ ਹੈ। ਕੇਵਲ ਇੱਕਮਾਤਰ **ਕੁਰਬਾਨੀ** ਜੋ ਅਜਿਹਾ ਕਰ ਸਕਦੀ ਸੀ, ਅਰਪਿਤ ਕਰ ਦਿੱਤੀ ਅਤੇ ਸਵੀਕਾਰ ਕਰ ਲਈ ਗਈ ਹੈ।
- ਸੋ ਹੁਣ ਓਹਨਾਂ ਲਈ ਜਿਹੜੇ ਮਸੀਹ ਯਿਸੂ ਵਿੱਚ ਹਨ **ਸਜ਼ਾ ਦਾ ਹੁਕਮ ਨਹੀਂ** ਹੈ। ਕਿਉਂਕਿ ਜੀਵਨ ਦੇ ਆਤਮਾ ਦੀ ਸ਼ਰਾ ਨੇ ਮਸੀਹ ਯਿਸੂ ਵਿੱਚ ਮੈਨੂੰ **ਪਾਪ ਅਤੇ ਮੌਤ ਦੀ ਸ਼ਰਾ ਤੋਂ ਛੁਡਾ ਦਿੱਤਾ।** ਰੋਮੀਆਂ 8:1-2

**ਇਬਰਾਨੀਆਂ 9:28** ਤਿਵੇਂ ਮਸੀਹ ਭੀ ਬਾਹਲਿਆਂ ਦੇ ਪਾਪਾਂ ਨੂੰ ਚੁੱਕਣ ਲਈ ਇੱਕੋ ਹੀ ਵਾਰ ਚੜ੍ਹਾਇਆ ਗਿਆ ਅਤੇ ਓਹਨਾਂ ਉੱਤੇ ਜਿਹੜੇ ਉਹ ਨੂੰ ਉਡੀਕਦੇ ਹਨ **ਪਾਪ ਦੇ ਕੰਮ ਤੋਂ ਅੱਡ ਹੋ ਕੇ** ਮੁਕਤੀ ਲਈ ਦੂਈ ਵਾਰ ਪਰਗਟ ਹੋਵੇਗਾ।

- "ਪਾਪ ਦੇ ਕੰਮ ਤੋਂ ਅੱਡ ਹੋ ਕੇ" ਦਾ ਸਪਸ਼ਟ ਅਰਥ ਹੈ — ਹੁਣ ਸਦੀਪਕ ਜੀਵਨ ਦੇ ਸਿਲਸਿਲੇ ਵਿੱਚ ਪਾਪ ਪ੍ਰਭੂ ਦੇ ਲਈ ਇੱਕ ਮਸਲਾ ਨਹੀਂ ਰਹਿ ਗਿਆ ਹੈ, ਕਿਉਂਕਿ ਓਹ ਲੋਕ ਜਿਨ੍ਹਾਂ ਨੂੰ ਕਿਰਪਾ ਅਤੇ ਧਰਮ ਦੀ ਬਖ਼ਸ਼ੀਸ ਵਾਫ਼ਰ ਮਿਲੀ ਹੈ ਉਸ ਇੱਕ ਅਰਥਾਤ ਯਿਸੂ ਮਸੀਹ ਦੇ ਰਾਹੀਂ ਜੀਵਨ ਵਿੱਚ ਰਾਜ ਕਰਨਗੇ। ਰੋਮੀਆਂ 5:17

- "ਮੁਕਤੀ ਲਈ ਦੂਈ ਵਾਰ ਪਰਗਟ ਹੋਵੇਗਾ" ਮੁਕਤੀ ਦੇ ਇੱਕ ਹੋਰ ਪੱਖ ਬਾਰੇ ਗੱਲ ਕਰਦਾ ਹੈ। ਉਸ ਦੀ ਦੂਜੀ ਆਮਦ ਵੇਲੇ ਅਸੀਂ ਇਸ ਸੰਸਾਰ ਦੀ ਦੁਸ਼ਟਤਾ ਅਤੇ ਨਾਇਨਸਾਫੀ ਤੋਂ ਹਮੇਸ਼ਾ ਲਈ ਛੁਡਾ ਲਈ ਜਾਵਾਂਗੇ। [ਜਗਤ ਵਿੱਚ ਤੁਹਾਨੂੰ ਕਸ਼ਟ ਹੈ ਪਰ ਹੌਂਸਲਾ ਰੱਖੋ, ਮੈਂ ਜਗਤ ਨੂੰ ਜਿੱਤ ਲਿਆ ਹੈ। ਯੂਹੰਨਾ 16:33]

**ਇਬਰਾਨੀਆਂ 10:10** ਉਸੇ ਇੱਛਿਆ ਕਰਕੇ ਅਸੀਂ ਯਿਸੂ ਮਸੀਹ ਦੀ ਦੇਹੀ ਦੇ ਇੱਕੋ ਵਾਰ ਚੜ੍ਹਾਏ ਜਾਣ ਦੇ ਰਾਹੀਂ **ਪਵਿੱਤਰ ਕੀਤੇ ਗਏ ਹਾਂ।**

- ਉਸ ਦੀ ਇੱਛਾ ਦੁਆਰਾ, ਆਪਣੇ ਕਿਸੇ ਵੀ ਕੰਮ ਸਦਕਾ ਨਹੀਂ ਪਰ ਯਿਸੂ ਦੇ ਲਹੂ ਰਾਹੀਂ ਪੂਰੇ ਕੀਤੇ ਕੰਮ ਸਦਕਾ ਅਸੀਂ **ਵੱਖਰੇ ਕੀਤੇ ਗਏ** ਅਤੇ **ਪਵਿੱਤਰ ਕੀਤੇ ਗਏ** ਹਾਂ।

**ਇਬਰਾਨੀਆਂ 10:18** ਸੋ ਜਿੱਥੇ ਇਨ੍ਹਾਂ ਦੀ ਮਾਫ਼ੀ ਹੈ ਉੱਥੇ **ਪਾਪ ਲਈ ਫੇਰ ਭੇਟ ਨਹੀਂ ਚੜ੍ਹਾਈ ਜਾਂਦੀ।**

ਸਭਨਾਂ ਵਿਸ਼ਵਾਸ ਕਰਨ ਵਾਲਿਆਂ ਦੇ ਲਈ ਮਾਫੀ ਹੁਣ ਉਪਲਬਧ ਹੈ। **ਹੋਰ ਕੋਈ ਪ੍ਰਬੰਧ, ਹੋਰ ਕੋਈ ਕੁਰਬਾਨੀ ਜਾਂ ਭੇਂਟ ਯੋਗ ਜਾਂ ਕਾਫੀ ਨਹੀਂ ਹੈ।** ਇਸ ਬੰਦ ਵਿੱਚ ਇਸੇ ਮਸਲੇ ਉੱਤੇ ਗੱਲ ਕੀਤੀ ਗਈ ਅਤੇ ਜ਼ੋਰ ਦਿੱਤਾ ਗਿਆ ਹੈ।

ਜੇਕਰ ਅਸੀਂ ਕਿਸੇ ਹੋਰ ਕੁਰਬਾਨੀ ਵੱਲ ਮੁੜਦੇ ਹਾਂ — ਜਾਂ ਕਿਸੇ ਹੋਰ ਮੰਗ ਨੂੰ ਜੋੜ ਦਿੰਦੇ ਹਾਂ — ਤਦ ਅਸੀਂ ਆਖਦੇ ਹਾਂ ਕਿ ਯਿਸੂ ਦਾ ਲਹੂ ਪੂਰੀ ਤਰ੍ਹਾਂ ਕਾਫੀ ਨਹੀਂ ਹੈ। **ਅਤੇ ਇਹ ਗੱਲ ਪ੍ਰਭੂ ਨੂੰ ਪ੍ਰਸੰਨ ਨਹੀਂ ਕਰਦੀ।**

ਪ੍ਰਭੂ ਪਰਮੇਸ਼ਰ **ਕੇਵਲ** ਯਿਸੂ ਦੇ **ਲਹੂ** ਨੂੰ ਹੀ ਸਵੀਕਾਰ ਕਰਦਾ ਹੈ।

**ਇਬਰਾਨੀਆਂ 10:19-22** ਉਪਰੰਤ ਹੇ **ਭਰਾਵੋ** (ਉਹ ਵਿਸ਼ਵਾਸੀਆਂ ਨੂੰ ਲਿਖ ਰਿਹਾ ਹੈ), ਜਦੋਂ ਸਾਨੂੰ **ਯਿਸੂ ਦੇ ਲਹੂ** ਦੇ ਕਾਰਨ ਪਵਿੱਤਰ ਅਸਥਾਨ ਦੇ ਅੰਦਰ ਜਾਣ ਦੀ **ਦਿਲੇਰੀ** ਹੈ। (20) ਅਰਥਾਤ ਉਸ ਨਵੇਂ ਅਤੇ ਜੀਉਂਦੇ ਰਾਹ ਥੀਂ (ਮੁਰਦਾ ਕੰਮਾਂ ਦੇ ਉਲਟ) ਜਿਹੜਾ ਉਹ ਨੇ ਪੜਦੇ ਮਾਨੋ ਆਪਣੇ ਸਰੀਰ ਥਾਣੀ ਸਾਡੇ ਲਈ ਖੋਲ੍ਹਿਆ। (21) ਅਤੇ ਜਦੋਂ ਸਾਡਾ ਇੱਕ ਮਹਾ ਜਾਜਕ ਹੈ ਜਿਹੜਾ ਪਰਮੇਸ਼ਰ ਦੇ ਘਰ ਦੇ ਉੱਤੇ ਹੈ, (22) ਤਾਂ ਆਓ, ਅਸੀਂ **ਸੱਚੇ ਦਿਲ ਅਤੇ ਪੂਰੀ ਨਿਹਚਾ ਨਾਲ** (ਇੱਕ ਕੁਰਬਾਨੀ ਵਿੱਚ ਜਿਸ ਨੇ ਸਾਡੇ ਪਾਪ ਮਾਫ ਕਰ ਦਿੱਤੇ ਹਨ) ਜਦੋਂ ਸਾਡੇ ਦਿਲ ਅਸ਼ੁੱਧ ਅੰਤਹਕਰਨ ਤੋਂ ਛਿੜਕਾਉ ਨਾਲ ਸ਼ੁੱਧ ਹੋਏ ਅਤੇ ਸਾਡੀ ਦੇਹੀ ਸਾਫ਼ ਪਾਣੀ ਨਾਲ ਨੁਲ੍ਹਾਈ ਗਈ **ਨੇੜੇ ਜਾਈਏ।**

ਤੀਤੁਸ 3:5 ਉਸ ਨੇ ਉਨ੍ਹਾਂ ਧਰਮ ਦੇ **ਕਰਮਾਂ ਕਰਕੇ ਨਹੀਂ** ਜੋ ਅਸਾਂ ਕੀਤੇ ਸਗੋਂ ਆਪਣੇ ਰਹਮ ਦੇ ਅਨੁਸਾਰ ਨਵੇਂ ਜਨਮ ਦੇ **ਅਸ਼ਨਾਨ** ਅਤੇ ਪਵਿੱਤਰ ਆਤਮਾ ਦੇ ਨਵੇਂ ਬਣਾਉਣ ਦੇ ਵਸੀਲੇ ਨਾਲ ਸਾਨੂੰ ਬਚਾਇਆ।

  - ਨਵਾਂ ਜਨਮ "ਕੰਮਾਂ" ਦੇ ਦੁਆਰਾ ਨਹੀਂ, ਕੇਵਲ ਵਿਸ਼ਵਾਸ ਦੁਆਰਾ ਹੀ ਆ ਸਕਦਾ ਹੈ।

**ਯਿਸੂ ਦੇ ਲਹੂ** ਨੇ ਸਾਨੂੰ ਮਾਫ ਅਤੇ ਸ਼ੁੱਧ ਕਰ ਦਿੱਤਾ ਹੈ। ਅਤੇ ਸਾਡਾ ਇੱਕ ਮਹਾ ਜਾਜਕ ਹੈ ਜੋ ਸਾਡੇ ਲਈ ਮਧਿਅਸਥੀ ਕਰਦਾ ਹੈ। ਇਸ ਦੇ ਕਾਰਨ ਚਾਹੀਦਾ ਹੈ ਕਿ ਅਸੀਂ **ਸੱਚੇ ਦਿਲ ਅਤੇ ਪੂਰੀ ਨਿਹਚਾ ਨਾਲ ਨੇੜੇ ਜਾਈਏ।** ਇਸ ਕਰਕੇ:

**ਇਬਰਾਨੀਆਂ 10:23** ਅਸੀਂ ਆਸ ਦੇ ਸੱਚੇ ਇਕਰਾਰ ਨੂੰ ਤਕੜਾਈ ਨਾਲ ਫੜੀ ਰਖੀਏ (ਉਸ ਦੇ ਲਹੂ ਵਿੱਚ) ਕਿਉਂਕਿ ਜਿਹ ਨੇ ਵਾਇਦਾ ਕੀਤਾ ਹੈ ਉਹ ਵਫ਼ਾਦਾਰ ਹੈ।

ਉਹ ਵਿਸ਼ਵਾਸਯੋਗ ਅਤੇ ਭਰੋਸੇਮੰਦ ਹੈ, ਉਸ ਦੇ ਲਹੂ ਨੇ ਸਾਡੇ ਲਈ ਜੋ ਕੀਤਾ ਹੈ ਉਸ ਦੀ ਅਸੀਂ ਪਰਤੀਤ ਕਰੀਏ ਅਤੇ ਕਦੇ ਸ਼ੰਕਾ ਨਾ ਕਰੀਏ।

ਪਰ ਫਿਰ ਵੀ:

**ਇਬਰਾਨੀਆਂ 10:26**-27 ਜੇ **ਅਸੀਂ** (ਭਾਈ, ਵਿਸ਼ਵਾਸੀ) **ਸਤ ਦਾ ਗਿਆਨ** ਪਰਾਪਤ ਕਰਨ ਦੇ ਪਿੱਛੋਂ ਜਾਣ ਬੁਝ ਕੇ ਪਾਪ ਕਰੀ ਜਾਈਏ (ਕਿਸੇ ਹੋਰ ਕੰਮ ਜਾ ਕੁਰਬਾਨੀ ਵੱਲ ਮੁੜ ਜਾਈਏ ਅਤੇ ਉਸ ਦਾ ਆਸਰਾ ਲਈਏ) **ਤਾਂ ਪਾਪਾਂ ਦੇ ਨਮਿੱਤ ਫੇਰ ਕੋਈ ਬਲੀਦਾਨ ਨਹੀਂ** (ਜੋੜਨ ਲਈ ਜਾਂ ਮੁੜਨ ਲਈ ਹੋਰ ਕੁਝ ਹੈ ਹੀ ਨਹੀਂ) (27) ਪਰ **ਨਿਆਉਂ** ਦੀ ਭਿਆਣਕ ਉਡੀਕ ਅਤੇ **ਅੱਗ** ਦੀ ਸੜਨ ਬਾਕੀ ਹੈ ਜਿਹੜੀ **ਵਿਰੋਧੀਆਂ ਨੂੰ ਭਸਮ ਕਰ ਦੇਵੇਗੀ।**

ਮਸਲਾ ਹੁਣ ਇਹ ਹੈ — ਪਾਪ ਦੇ ਲਈ ਕੇਵਲ ਇੱਕੋ ਕੁਰਬਾਨੀ ਹੈ।

ਪਾਪ ਦੀ ਮਾਫੀ ਹੋਰ ਕੋਈ ਨਹੀਂ ਦੇ ਸਕਦਾ। ਹੋਰ ਕੁਝ ਨਹੀਂ, ਕੇਵਲ ਯਿਸੂ ਦਾ ਲਹੂ।

ਜੇਕਰ ਤੁਸੀਂ ਸੋਚੋ ਕਿ ਸਦੀਪਕ ਜੀਵਨ ਨੂੰ ਪ੍ਰਾਪਤ ਕਰਨ ਲਈ ਜਾਂ ਉਸ ਨੂੰ ਬਣਾਏ ਰੱਖਣ ਲਈ ਪਰਮੇਸ਼ਰ ਵੱਲੋਂ ਮੁਹੱਈਆ ਕਰਾਈ ਗਈ ਕੁਰਬਾਨੀ ਵਿੱਚ ਕੋਈ ਹੋਰ ਭੇਂਟ, ਕੰਮ ਜਾਂ ਚੰਗੇ ਕਰਮ ਨੂੰ ਜੋੜਿਆ ਜਾਣਾ ਜ਼ਰੂਰੀ ਹੈ — ਜਿਵੇਂ ਕਿ ਵਰਤ ਰੱਖਣਾ, ਰੋਜਾਨਾ ਬਾਈਬਲ ਦੇ ਪੰਜ ਅਧਿਆਏ ਪੜ੍ਹਨਾ ਜਾਂ ਰੋਜਾਨਾ ਪੰਜ ਲੋਕਾਂ ਨੂੰ ਗਵਾਹੀ ਦੇਣਾ, ਜਾਂ ਕੋਈ ਹੋਰ ਧਾਰਮਿਕ ਕਰਮਕਾਂਡ, ਤਾਂ ਜਾਣ ਲਓ ਕਿ ਇਹ ਸਭ "ਮੁਰਦਾ ਕੰਮ" ਬਣ ਜਾਣਗੇ ਅਤੇ ਪ੍ਰਭੂ ਦੇ ਪ੍ਰਬੰਧ ਦਾ ਅਪਮਾਨ ਹੋਵੇਗਾ।

ਤੀਤੁਸ 3:5 ਉਸ ਨੇ ਉਨ੍ਹਾਂ ਧਰਮ ਦੇ **ਕਰਮਾਂ ਕਰਕੇ ਨਹੀਂ ਜੋ ਅਸਾਂ ਕੀਤੇ** ਸਗੋਂ ਆਪਣੇ ਰਹਮ ਦੇ ਅਨੁਸਾਰ...**ਸਾਨੂੰ ਬਚਾਇਆ।**

- ਜੇਕਰ ਕੋਈ ਪਰਮੇਸ਼ਰ ਵੱਲੋਂ ਮੁਹੱਈਆ ਕਰਾਈ ਗਈ ਕੁਰਬਾਨੀ ਵਿੱਚ ਕੁਝ ਜੋੜਦਾ ਹੈ, ਤਾਂ ਪਰਮੇਸ਼ਰ ਦੀ ਅਪ੍ਰਸੰਨਤਾ ਨੂੰ ਭੜਕਾ ਦਿੰਦਾ ਹੈ।

ਜਦ ਇੱਕ ਸੱਚਾ ਵਿਸ਼ਵਾਸੀ, ਜਿਸ ਨੂੰ **ਇੱਕ ਕੁਰਬਾਨੀ** — ਯਿਸੂ ਦੇ ਲਹੂ — ਦੇ **ਸਤ ਦਾ ਗਿਆਨ** ਪ੍ਰਾਪਤ ਹੋ ਗਿਆ ਹੈ, ਕਿਸੇ ਹੋਰ ਕੁਰਬਾਨੀ ਵੱਲ ਮੁੜਦਾ ਹੈ, ਤਦ ਉਹ ਆਪਣੇ ਉੱਤੇ **ਨਿਆਂ ਆਉਣ ਦੀ ਉਮੀਦ ਕਰ ਸਕਦਾ ਹੈ।**

> ਅਜਿਹਾ ਪ੍ਰਤੀਤ ਹੁੰਦਾ ਹੈ ਕਿ ਇਹ ਨਵੇਂ ਵਿਸ਼ਵਾਸੀ 'ਤੇ ਲਾਗੂ ਨਹੀਂ ਹੁੰਦਾ ਕਿਉਂਕਿ ਉਹ ਅਜੇ ਤੱਕ **ਸਤ ਦੇ ਗਿਆਨ** ਨਹੀਂ ਪੁੱਜਾ ਹੈ।

**ਇਬਰਾਨੀਆਂ 10:27** ਪਰ **ਨਿਆਉਂ** ਦੀ ਭਿਆਣਕ ਉਡੀਕ ਅਤੇ **ਅੱਗ** ਦੀ ਸੜਨ ਬਾਕੀ ਹੈ ਜਿਹੜੀ **ਵਿਰੋਧੀਆਂ ਨੂੰ ਭਸਮ ਕਰ ਦੇਵੇਗੀ।**

- ਸੱਚੇ ਵਿਸ਼ਵਾਸੀ ਉਸ ਦੇ **ਵਿਰੋਧੀ ਨਹੀਂ ਹਨ।** ਅਸੀਂ ਉਸ ਦੇ ਮਿੱਤਰ ਹਾਂ, ਉਸ ਦੀ ਸੰਤਾਨ ਹਾਂ।
- ਨਿਆਉਂ ਦਾ ਅਰਥ ਹੈ: ਆਪਣੇ ਕੰਮਾਂ ਦਾ ਉਚਿੱਤ ਫਲ ਭੋਗਣਾ।
- ਵਿਸ਼ਵਾਸੀ ਅਤੇ ਗੈਰਵਿਸ਼ਵਾਸੀ **ਇੱਕੋ ਜਿਹੇ ਨਿਆਂ ਦਾ ਸਾਹਮਣਾ ਨਹੀਂ ਕਰਦੇ**:

> 1 ਪਤਰਸ 4:17 ਕਿਉਂ ਜੋ ਸਮਾ ਆ ਪਹੁੰਚਾ ਭਈ ਪਰਮੇਸ਼ਰ ਦੇ ਘਰੋਂ **ਨਿਆਉਂ** ਸ਼ੁਰੂ ਹੋਵੇ ਅਤੇ ਜੇ ਉਹ ਪਹਿਲਾਂ ਸਾਥੋਂ ਸ਼ੁਰੂ ਹੋਵੇ ਤਾਂ ਉਨ੍ਹਾਂ ਦਾ ਅੰਤ ਕੀ ਹੋਵੇਗਾ **ਜਿਹੜੇ** ਪਰਮੇਸ਼ਰ ਦੀ ਖੁਸ਼ ਖਬਰੀ ਨੂੰ ***ਨਹੀਂ ਮੰਨਦੇ**?
>
> *Strong ਦਾ ਕੋਨਕੋਰਡੰਸ ਆਖਦਾ ਹੈ ਕਿ ਇਸ ਸ਼ਬਦ ਦਾ ਇਹ ਅਰਥ ਹੈ: **ਜਾਣਬੁੱਝ ਕੇ ਅਤੇ ਭ੍ਰਿਸ਼ਟਤਾ ਨਾਲ ਭਰ ਕੇ ਪਰਤੀਤ ਨਾ ਕਰਨਾ ਅਤੇ ਅਣਆਗਿਆਕਾਰੀ ਕਰਨਾ।** ਅਸੀਂ ਖੁਸ਼ਖਬਰੀ ਦਾ ਵਿਸ਼ਵਾਸ ਕਰ ਲਿਆ ਹੈ!

**ਵਿਸ਼ਵਾਸੀਆਂ ਦੀ ਅੱਗ** ਵਿਅਕਤੀ ਨੂੰ **ਭਸਮ** ਨਹੀਂ ਕਰਦੀ [ਕਿਉਂਕਿ ਉਹ ਵਡਮੁੱਲਾ ਹੈ], ਸਗੋਂ ਇਹ **ਸ਼ੁੱਧ ਕਰਦੀ ਹੈ** ਅਤੇ ਕੇਵਲ ਉਸੇ ਚੀਜ਼ ਨੂੰ **ਭਸਮ ਕਰਦੀ ਹੈ** ਜੋ ਨਿਕੰਮੀ ਹੈ।

1 ਕੁਰਿੰਥੀਆਂ 3:8-15 ਲਾਉਣ ਵਾਲਾ ਅਤੇ ਸਿੰਜਣ ਵਾਲਾ ਦੋਵੇਂ ਇੱਕ ਹਨ ਪਰ **ਹਰੇਕ ਆਪੋ ਆਪਣੀ ਮਿਹਨਤ ਦੇ ਅਨੁਸਾਰ ਆਪੋ ਆਪਣਾ ਫਲ ਪਾਵੇਗਾ।** (9) ਕਿਉਂ ਜੋ ਅਸੀਂ ਕੰਮ ਕਰਨ ਵਿੱਚ ਪਰਮੇਸ਼ਰ ਦੇ ਸਾਂਝੀ ਹਾਂ। ਤੁਸੀਂ ਪਰਮੇਸ਼ਰ ਦੀ ਖੇਤੀ ਅਰ ਪਰਮੇਸ਼ਰ ਦਾ ਭਵਨ ਹੋ...(12) ਪਰ ਜੇ ਕੋਈ ਇਹ ਨੀਂਹ ਉੱਤੇ ਸੋਨੇ, ਚਾਂਦੀ, ਬਹੁਮੁੱਲੇ ਪੱਥਰਾਂ, ਲੱਕੜਾਂ, ਘਾਹ ਅਤੇ ਭੋ ਦੀ ਉਸਾਰੀ ਕਰੇ। (13) ਤਾਂ ਹਰੇਕ ਦਾ **ਕੰਮ** ਪਰਗਟ ਹੋਵੇਗਾ ਕਿਉਂ ਜੋ ਉਹ ਦਿਨ ਉਸ ਨੂੰ ਉਘਾੜ ਦੇਵੇਗਾ ਇਸ ਲਈ ਜੋ ਉਹ **ਅੱਗ ਨਾਲ ਪਰਕਾਸ਼ ਹੁੰਦਾ ਹੈ** ਅਤੇ ਅੱਗ ਆਪੇ ਹਰੇਕ ਦਾ **ਕੰਮ ਪਰਖ ਦੇਵੇਗੀ** ਭਈ ਉਹ ਕਿਸ ਪਰਕਾਰ ਦਾ ਹੈ। (14) ਜੇ ਕਿਸੇ ਦਾ **ਕੰਮ** ਜਿਹੜਾ ਉਹ ਨੇ ਬਣਾਇਆ ਸੀ ਟਿਕਿਆ ਰਹੇਗਾ ਤਾਂ ਉਹ ਨੂੰ **ਬਦਲਾ** ਮਿਲੇਗਾ। (15) ਜੇ ਕਿਸੇ ਦਾ ਕੰਮ ਸੜ ਜਾਵੇ ਤਾਂ **ਉਹ ਦੀ ਹਾਨੀ ਹੋ ਜਾਵੇਗੀ** ਪਰੰਤੂ **ਉਹ ਆਪ ਤਾਂ ਬਚ ਜਾਵੇਗਾ** ਪਰ ਸੜਦਿਆਂ ਸੜਦਿਆਂ।

ਵਿਸ਼ਵਾਸੀਆਂ ਦਾ ਨਿਆਂ ਸ਼ੁੱਧੀਕਰਣ ਅਤੇ ਪ੍ਰਤੀਫਲ ਦੇਣ ਲਈ ਹੈ।

- **ਗੈਰਵਿਸ਼ਵਾਸੀਆਂ ਦੀ ਅੱਗ**: ਮੱਤੀ 13:37-43; 2 ਪਤਰਸ 2:1-22

**ਅੱਗੇ ਲਿਖਾਰੀ ਪਰਮੇਸ਼ਰ ਦੇ ਲੋਕਾਂ ਦੇ ਨਿਆਂ ਦੇ ਉਦਾਹਰਣ ਦੀ ਵਰਤੋਂ ਕਰਦਾ ਹੈ:**

**ਇਬਰਾਨੀਆਂ 10:28** ਜਿਸ ਕਿਸੇ ਨੇ ਮੂਸਾ ਦੀ ਸ਼ਰਾ ਦੀ **ਟਾਲਨਾ ਕੀਤੀ** ਹੋਵੇ ਓਹ ਦੋਂਹ ਯਾ ਤਿਹੁੰ ਗਵਾਹਾਂ ਦੀ ਗਵਾਹੀ ਨਾਲ ਬਿਨਾ ਤਰਸ ਕੀਤਿਆਂ ਮਾਰਿਆ ਜਾਂਦਾ ਹੈ।

ਉਹ ਬਿਵਸਥਾ ਸਾਰ 17:2-6 ਦਾ ਹਵਾਲਾ ਦਿੰਦਿਆਂ ਪਰਮੇਸ਼ਰ ਦੇ ਨਾਲ **ਲਹੂ ਦੇ ਨੇਮ** ਵਿੱਚ ਬੱਝੇ **ਉਸ ਦੇ ਲੋਕਾਂ,** ਇਸਰਾਏਲ, ਦੀ ਗੱਲ ਕਰ ਰਿਹਾ ਹੈ, ਜੋ ਸੱਚਾਈ ਨੂੰ **ਜਾਣਨ** ਤੋਂ ਬਾਦ ਪੁਰਾਣੇ ਨੇਮ ਦੀਆਂ ਕੁਰਬਾਨੀਆਂ ਤੋਂ ਹੋਰਨਾਂ ਕੁਰਬਾਨੀਆਂ ਵੱਲ **ਜਾਣਬੁੱਝ ਕੇ** ਮੁੜ ਗਏ, ਉਹ ਮਾਰੇ ਜਾਣ — **ਸੁਭਾਵਿਕ ਮੌਤ** — ਦੇ ਲਾਇਕ ਸਨ, ਜੋ ਅਜਿਹੇ ਸਾਰੇ ਕੰਮਾਂ ਲਈ ਜਿਨ੍ਹਾਂ ਤੋਂ ਪ੍ਰਭੂ ਦੀ **ਅਪ੍ਰਸੰਨਤਾ** ਭੜਕਦੀ ਹੈ, ਦਾ ਉਦਾਹਰਣ ਅਤੇ ਚਿਤਾਉਣੀ ਠਹਿਰੇ ਹਨ।

- ਇਹ ਇੱਕ ਗੰਭੀਰ ਪਾਪ ਹੈ ਜਿਸ ਦੇ ਲਈ ਗੰਭੀਰ ਤਾੜਨਾ ਦੀ ਲੋੜ ਹੈ: **ਸਰੀਰਕ ਮੌਤ**

**ਪੜ੍ਹੋ: 1** ਕੁਰਿੰਥੀਆਂ **10:1-11**

........................................................................................................................................

**ਜੇਕਰ ਉਸ ਦੇ ਲੋਕਾਂ ਨੂੰ ਐਨੇ ਭਿਆਣਕ ਨਿਆਂ ਦਾ ਸਾਹਮਣਾ ਕਰਨਾ ਪਿਆ, ਤਾਂ...**

**ਇਬਰਾਨੀਆਂ 10:29** ਤੁਹਾਡੇ ਖਿਆਲ ਵਿੱਚ ਉਹ ਕਿੰਨੀਕੁ ਹੋਰ ਵੀ **ਕਰੜੀ ਸਜ਼ਾ** ਦੇ ਜੋਗ ਠਹਿਰਾਇਆ ਜਾਵੇਗਾ ਜਿਹ ਨੇ **ਪਰਮੇਸ਼ਰ ਦੇ ਪੁੱਤਰ ਨੂੰ ਪੈਰਾਂ ਹੇਠ ਲਤਾੜਿਆ** ਅਤੇ ਨੇਮ ਦਾ ਲਹੂ ਜਿਹ ਦੇ ਨਾਲ ਉਹ **ਪਵਿੱਤਰ ਕੀਤਾ ਗਿਆ ਸੀ ਐਵੇਂ ਕਿਵੇਂ ਜਾਣਿਆ** ਅਤੇ ਕਿਰਪਾ ਦੇ ਆਤਮਾ ਦਾ ਅਪਜਸ ਕੀਤਾ?

- **ਪਰਮੇਸ਼ਰ ਦੇ ਪੁੱਤਰ ਨੂੰ ਪੈਰਾਂ ਹੇਠ ਲਤਾੜਿਆ** – ਐਨਾ ਵੱਡਾ **ਅਪਮਾਨ** ਕਰਨਾ ਅਤੇ ਅਜਿਹਾ ਵਰਤਾਓ ਕਰਨਾ, ਭਈ ਮੰਨੋ ਯਿਸੂ ਮਸੀਹ ਦਾ ਕੋਈ ਮੁੱਲ ਹੀ ਨਾ ਹੋਵੇ। ਉਸ ਦੀ ਸ਼ਖਸੀਅਤ ਨੂੰ ਪੈਰਾਂ ਹੇਠ ਲਤਾੜਨਾ, ਉਸ ਨੂੰ ਪਰਮੇਸ਼ਰ ਦਾ ਪੁੱਤਰ ਅਤੇ ਮੁਕਤੀਦਾਤਾ ਮੰਨਣ ਤੋਂ ਇਨਕਾਰ ਕਰਨਾ, ਸਭ ਤੋਂ ਵੱਡਾ ਗੁਨਾਹ ਹੈ। **ਇੱਕ ਵਿਸ਼ਵਾਸੀ ਅਜਿਹਾ ਕਦੇ ਨਹੀਂ ਕਰੇਗਾ।**

- ਨੇਮ ਦਾ ਲਹੂ ਜਿਹ ਦੇ ਨਾਲ ਉਹ **ਪਵਿੱਤਰ ਕੀਤਾ ਗਿਆ ਸੀ ਐਵੇਂ ਕਿਵੇਂ ਜਾਣਿਆ**: **ਐਵੇਂ ਕਿਵੇਂ** — ਦਾ ਅਰਥ ਹੈ: **ਆਮ ਜਿਹਾ,** ਬਾਕੀਆਂ ਤੋਂ ਕੋਈ ਫਰਕ ਨਹੀਂ। **ਪਵਿੱਤਰ ਨਹੀਂ। ਉਸ ਦੇ ਈਸ਼ਵਰ ਹੋਣ ਨੂੰ ਨਾ ਮੰਨਣਾ।** ਇੱਕ ਸੱਚਾ ਵਿਸ਼ਵਾਸੀ ਅਜਿਹਾ ਕਦੇ ਨਹੀਂ ਸੋਚੇਗਾ।

- ਪਵਿੱਤਰ ਕੀਤਾ ਗਿਆ – **ਧਿਆਨ ਦਓ ਕਿ ਅਜਿਹਾ ਨਹੀਂ ਲਿਖਿਆ ਭਈ ਧਰਮੀ ਠਹਿਰਾਇਆ ਗਿਆ। ਇੱਕ ਸੱਚਾ ਵਿਸ਼ਵਾਸੀ ਉੱਪਰ ਲਿਖੀਆਂ ਗੱਲਾਂ ਨਹੀਂ ਕਰੇਗਾ।** ਇਸ ਕਰਕੇ ਇਹ ਆਇਤ **ਗੈਰਵਿਸ਼ਵਾਸੀ** ਬਾਰੇ ਗੱਲ ਕਰਦੀ ਹੈ ਜੋ ਇੱਕ ਸੱਚੇ ਵਿਸ਼ਵਾਸੀ ਦੇ **ਨਾਲ ਰਹਿਣ ਕਰਕੇ ਕੇਵਲ ਪਵਿੱਤਰ ਕੀਤਾ ਗਿਆ ਸੀ**, ਜਿਵੇਂ ਕਿ 1 ਕੁਰਿੰਥੀਆਂ 7:14 ਵਿੱਚ ਆਖਿਆ ਗਿਆ ਹੈ। ਜਾਂ ਉਸ "ਮਿਲੀ ਜੁਲੀ ਭੀੜ" ਵਾਂਗ ਜੋ ਪਰਮੇਸ਼ਰ ਦੇ ਲੋਕਾਂ, ਇਸਰਾਏਲ, ਦੇ ਨਾਲ ਮਿਸਰ ਤੋਂ ਆਈ ਸੀ (ਕੂਚ 12:38)। ਉਹ ਕੇਵਲ ਇਸ ਕਰਕੇ ਆਏ ਸਨ ਕਿਉਂਕਿ ਉਨ੍ਹਾਂ ਨੇ ਪਰਮੇਸ਼ਰ ਦੀਆਂ ਅਸੀਸਾਂ ਵੇਖੀਆਂ ਸਨ ਅਤੇ ਉਹ ਵੀ ਇਨ੍ਹਾਂ ਨੂੰ ਚਾਹੁੰਦੇ ਸਨ। ਪਵਿੱਤਰ ਕੀਤਾ ਗਿਆ ਸ਼ਬਦਾਂ ਦੇ ਦੋ ਅਰਥ ਹਨ: 1. ਪਵਿੱਤਰ ਕਰਨਾ 2. ਵੱਖਰਾ ਕਰਨਾ। ਇੱਥੇ ਅਤੇ ਹੋਰਨਾਂ ਆਇਤਾਂ ਵਿੱਚ ਇਸ ਦਾ ਅਰਥ ਕੇਵਲ "**ਵੱਖਰਾ ਕਰਨਾ**" ਹੈ।

  ਉਦਾਹਰਣ:
  ਕੂਚ 13:2 ਸਾਰੇ ਪਲੋਠੇ...ਮੇਰੇ ਲਈ ਪਵਿੱਤਰ ਹੋਣ ਦਾ ਅਰਥ ਹੈ "ਵੱਖਰੇ ਕੀਤੇ ਜਾਣ।" ਇਸ ਦਾ ਅਰਥ ਇਹ ਨਹੀਂ ਹੈ ਕਿ "ਸਭਨਾਂ ਪਲੋਠਿਆਂ ਨੂੰ ਮੇਰੇ ਲਈ ਪਵਿੱਤਰ ਕਰੋ" ਕਿਉਂਕਿ ਅਸੀਂ ਅਜਿਹਾ ਨਹੀਂ ਕਰ ਸਕਦੇ।

  1 ਪਤਰਸ 3:15 ਮਸੀਹ ਨੂੰ ਪ੍ਰਭੂ ਕਰਕੇ ਆਪਣੇ ਹਿਰਦੇ ਵਿੱਚ ਪਵਿੱਤਰ ਮੰਨੋ। ਇਸ ਦਾ ਅਰਥ ਇਹ ਨਹੀਂ ਹੈ ਕਿ ਉਸ ਨੂੰ ਪਵਿੱਤਰ ਬਣਾਓ। ਅਸੀਂ ਉਸ ਨੂੰ ਪਵਿੱਤਰ ਨਹੀਂ ਬਣਾਉਂਦੇ, ਉਹ ਪਵਿੱਤਰ ਹੈ। ਇਸ ਦਾ ਅਰਥ ਹੈ: "ਆਪਣੇ ਹਿਰਦਿਆਂ ਵਿੱਚ ਮਸੀਹ ਨੂੰ ਪ੍ਰਭੂ ਵਜੋਂ **ਵੱਖਰਾ ਕਰਕੇ** ਰੱਖੋ।"

- ਕਿਰਪਾ ਦੇ ਆਤਮਾ ਦਾ ਅਪਜਸ ਕੀਤਾ – ਉਸ ਸੱਚਾਈ ਨੂੰ ਮੰਨਣ ਤੋਂ "**ਮਨ੍ਹਾ ਕਰਨਾ**" ਜੋ ਪਵਿੱਤਰ ਆਤਮਾ "ਮਸੀਹ ਦੇ ਅਮੋਲਕ ਲਹੂ" (1 ਪਤਰਸ 1:19) ਬਾਰੇ ਆਖਦਾ ਹੈ ਜੋ ਉਸ ਨੇ ਮੇਰੀ ਖਾਤਰ ਕੀਤਾ ਹੈ ਅਤੇ ਉਸ ਉੱਤੇ ਵਿਸ਼ਵਾਸ ਕਰਨ ਤੋਂ ਇਲਾਵਾ ਮੈਂ ਉਸ ਵਿੱਚ ਕੋਈ ਯੋਗਦਾਨ ਨਹੀਂ ਦੇ ਸਕਦਾ।

ਜਦ ਕੋਈ ਵਿਅਕਤੀ ਯਿਸੂ ਮਸੀਹ ਅਤੇ ਉਸ ਦੇ ਲਹੂ — ਜੋ ਮਾਫੀ ਅਤੇ ਸ਼ੁੱਧੀਕਰਨ ਲਈ ਇੱਕਮਾਤਰ ਕੁਰਬਾਨੀ ਹੈ — ਤੋਂ ਮੂੰਹ ਫੇਰ ਲੈਂਦਾ ਹੈ, ਤਾਂ ਉਹ ਕਿਸੇ ਨਾ ਕਿਸੇ ਧਾਰਮਿਕ ਕਰਮਕਾਂਡ ਵੱਲ ਮੁੜ ਜਾਂਦਾ ਹੈ ਅਤੇ ਅਗਾਹਾਂ ਲੰਘ ਜਾਂਦਾ ਹੈ, ਜੋ ਕਿ ਮਸੀਹ ਵੱਲੋਂ ਆਪਣੇ ਲਹੂ ਦੁਆਰਾ ਸਾਡੇ ਲਈ ਕੀਤੇ ਗਏ ਕੰਮ ਦਾ ਅਪਮਾਨ ਹੈ।

**ਇੱਕ ਸੱਚਾ ਵਿਸ਼ਵਾਸੀ** – ਸਤ ਦਾ ਗਿਆਨ ਪਰਾਪਤ ਕਰਨ ਦੇ ਪਿੱਛੋਂ (10:26) – ਕਦੇ ਵੀ ਜਾਣਬੁੱਝ ਕੇ ਅਜਿਹਾ **ਨਹੀਂ** ਕਰੇਗਾ ਕਿ ਪਰਮੇਸ਼ਰ ਦੇ ਪੁੱਤਰ ਨੂੰ ਪੈਰਾਂ ਹੇਠ ਲਤਾੜੇ ਅਤੇ ਨੇਮ ਦਾ ਲਹੂ ਜਿਹ ਦੇ ਨਾਲ ਉਹ ਪਵਿੱਤਰ ਕੀਤਾ ਗਿਆ ਸੀ ਐਵੇਂ ਕਿਵੇਂ ਜਾਣੇ।

........................................................................................................................

**ਇਬਰਾਨੀਆਂ 10:30-31** ਕਿਉਂ ਜੋ **ਅਸੀਂ ਉਹ ਨੂੰ ਜਾਣਦੇ ਹਾਂ** ਜਿਹ ਨੇ ਆਖਿਆ ਭਈ ਬਦਲਾ ਲੈਣਾ ਮੇਰਾ ਕੰਮ ਹੈ, ਮੈਂ ਹੀ ਵੱਟਾ ਲਾਹਵਾਂਗਾ **ਅਤੇ ਫੇਰ** ਇਹ ਕਿ ਪ੍ਰਭੂ **ਆਪਣੀ ਪਰਜਾ ਦਾ** ਨਿਆਉਂ ਕਰੇਗਾ। (31) ਜੀਉਂਦੇ ਪਰਮੇਸ਼ਰ ਦੇ ਹੱਥ ਵਿੱਚ ਪੈਣਾ ਭਿਆਣਕ ਗੱਲ ਹੈ!

- **ਬਦਲਾ** ਲੈਣਾ ਮੇਰਾ ਕੰਮ ਹੈ, ਮੈਂ ਹੀ **ਵੱਟਾ** ਲਾਹਵਾਂਗਾ

  ਇਹ ਆਇਤ 29ਵੀਂ ਆਇਤ ਤੋਂ ਜਾਰੀ ਹੈ ਜੋ ਪਰਮੇਸ਼ਰ ਦੇ ਪੁੱਤਰ ਵੱਲੋਂ ਮੁਹੱਈਆ ਕਰਾਈ ਗਈ ਮੁਕਤੀ ਤੋਂ **ਇਨਕਾਰ ਕਰਨ** ਅਤੇ **ਰੱਦਣ** ਵਾਲਿਆਂ ਬਾਰੇ ਗੱਲ ਕਰਦੀ ਹੈ।

- ਇਹ ਬਿਵਸਥਾ ਸਾਰ 32:35 ਤੋਂ ਲਿਆ ਗਿਆ ਵਾਕ ਹੈ ਜਿੱਥੇ ਉਹ "**ਆਪਣੇ ਬੱਚਿਆਂ**" ਅਤੇ ਉਨ੍ਹਾਂ ਵਿਚਕਾਰ ਜੋ ਉਸ ਦੇ ਬੱਚੇ **ਨਹੀਂ ਹਨ,** ਤੁਲਨਾ ਕਰਦਾ ਹੈ। (ਵੇਖੋ ਆਇਤਾਂ 5, 9, 32, 36 & 41 ਮੈਂ ਆਪਣੇ ਵੈਰੀਆਂ ਤੋਂ ਬਦਲਾ ਲਵਾਂਗਾ, ਅਤੇ **ਘਿਣ ਕਰਨ ਵਾਲਿਆਂ** ਤੋਂ ਵੀ ਵੱਟਾ ਲਵਾਂਗਾ।)

ਉਸ ਦੇ ਵੈਰੀਆਂ — ਜੋ ਉਸ ਦੇ ਪੁੱਤਰ ਦੇ ਲਹੂ ਰਾਹੀਂ ਮੁਹੱਈਆ ਕਰਾਏ ਗਏ ਪ੍ਰਬੰਧ ਨੂੰ ਰੱਦਦੇ ਹਨ — ਤੋਂ ਉਸ ਦੇ **ਬਦਲੇ** ਨੂੰ ਸਾਰੇ ਪਵਿੱਤਰ ਸ਼ਾਸਤਰ ਵਿੱਚ ਦਰਸਾਇਆ ਗਿਆ ਹੈ।

ਉਦਾਹਰਣ ਵਜੋਂ: ਕਣਕ ਅਤੇ ਜੰਗਲੀ ਬੂਟੀ ਦਾ ਦ੍ਰਿਸ਼ਟਾਂਤ: ਮੱਤੀ 13: 30, 38-43

(30) ਵਾਢੀ ਤੋੜੀ **ਦੋਹਾਂ ਨੂੰ ਰਲੇ ਮਿਲੇ ਵਧਣ ਦਿਓ** (ਨਾਲ ਰਹਿਣ ਕਾਰਨ ਪਵਿੱਤਰ ਠਹਿਰੇ) ਅਰ ਮੈਂ ਵਾਢੀ ਦੇ ਵੇਲੇ ਵੱਢਣ ਵਾਲਿਆਂ ਨੂੰ ਆਖਾਂਗਾ ਜੋ ਪਹਿਲਾਂ ਜੰਗਲੀ ਬੂਟੀ ਨੂੰ ਇਕੱਠਾ ਕਰੋ ਅਤੇ **ਫੂਕਣ ਲਈ** ਉਹ ਦੀਆਂ ਪੂਲੀਆਂ ਬੰਨੋ ਪਰ ਕਣਕ ਨੂੰ **ਮੇਰੇ ਕੋਠੇ** ਵਿੱਚ ਜਮਾ ਕਰੋ। (38)... ਚੰਗਾ ਬੀ **ਰਾਜ ਦੇ ਪੁੱਤਰ** ਅਤੇ ਜੰਗਲੀ ਬੂਟੀ **ਦੁਸ਼ਟ ਦੇ ਪੁੱਤਰ** ਹਨ।
(39) ਅਤੇ ਜਿਸ ਵੈਰੀ ਨੇ ਉਹ ਨੂੰ ਬੀਜਿਆ ਉਹ ਸ਼ਤਾਨ ਹੈ। ਵਾਢੀ ਦਾ ਵੇਲਾ ਜੁਗ ਦਾ ਅੰਤ ਹੈ ਅਰ ਵੱਢਣ ਵਾਲੇ ਦੂਤ
ਹਨ। (40) ਸੋ ਜਿਸ ਪਰਕਾਰ **ਜੰਗਲੀ ਬੂਟੀ** ਇਕੱਠੀ ਕੀਤੀ ਅਤੇ ਅੱਗ ਵਿੱਚ **ਫੂਕੀ ਜਾਂਦੀ ਹੈ** ਉਸੇ ਪਰਕਾਰ ਇਸ ਜੁਗ
ਦੇ ਅੰਤ ਦੇ ਸਮੇ ਹੋਵੇਗਾ। (41) ਮਨੁੱਖ ਦਾ ਪੁੱਤਰ ਆਪਣਿਆਂ ਦੂਤਾਂ ਨੂੰ ਘੱਲੇਗਾ ਅਤੇ ਓਹ ਉਸ ਦੇ ਰਾਜ ਵਿੱਚੋਂ ਸਾਰੀਆਂ
ਠੋਕਰ ਖੁਆਉਣ ਵਾਲੀਆਂ ਚੀਜ਼ਾਂ ਨੂੰ ਅਤੇ ਕੁਕਰਮੀਆਂ ਨੂੰ ਇਕੱਠਿਆਂ ਕਰਨਗੇ। (42) ਅਤੇ ਉਨ੍ਹਾਂ ਨੂੰ **ਭਖਦੇ ਭੱਠੇ ਵਿੱਚ**
ਸੁੱਟ ਦੇਣਗੇ। ਉੱਥੇ **ਰੋਣਾ ਅਰ ਕਚੀਚੀਆਂ ਵੱਟਣਾ ਹੋਵੇਗਾ।** (43) ਤਦ ਧਰਮੀ ਲੋਕ ਆਪਣੇ ਪਿਤਾ ਦੇ ਰਾਜ ਵਿੱਚ ਸੂਰਜ
ਵਾਂਙੁ ਚਮਕਣਗੇ। ਜਿਹ ਦੇ ਕੰਨ ਹੋਣ ਸੋ ਸੁਣੇ।

........................................................................................................................

**ਇਬਰਾਨੀਆਂ 10:30** ...ਅਤੇ ਫੇਰ ਇਹ ਕਿ ਪ੍ਰਭੂ **ਆਪਣੀ ਪਰਜਾ ਦਾ** ਨਿਆਉਂ ਕਰੇਗਾ।

- ਅਤੇ ਫੇਰ ਇਹ ਕਿ Strong ਦੇ ਕੋਨਕੋਰਡੰਸ ਦੇ ਅਨੁਸਾਰ ਬਿਲਕੁਲ ਢੁਕਵਾਂ ਅਨੁਵਾਦ ਹੈ ਅਤੇ ਇੱਕੋ ਜਿਹੇ ਪਰ ਜ਼ਰੂਰੀ **ਨਹੀਂ** ਕਿ ਉਸੇ ਘਟਨਾਕ੍ਰਮ ਵੱਲ **ਜਾਣ** ਨੂੰ ਦਰਸਾਉਂਦਾ ਹੈ। ਬਦਲਾ ਅਤੇ ਪਲਟਾ ਗੈਰਵਿਸ਼ਵਾਸੀਆਂ ਉੱਤੇ, ਪਰ ਆਪਣੇ ਵਿਸ਼ਵਾਸੀਆਂ ਦਾ ਨਿਆਂ (ਵੇਖੋ 1 ਪਤਰਸ 4:17)।

- ਹੁਣ ਉਹ "**ਆਪਣੀ ਪਰਜਾ**" ਬਾਰੇ ਗੱਲ ਕਰ ਰਿਹਾ ਹੈ ਜਿਨ੍ਹਾਂ ਨੇ ਉਸ ਉੱਤੇ ਅਤੇ ਉਸ ਦੇ ਲਹੂ ਦੁਆਰਾ ਮਾਫੀ, ਧਰਮੀ ਠਹਿਰਾਏ ਜਾਣ, ਪੁਨਰਮੇਲ ਅਤੇ ਛੁਟਕਾਰੇ ਦੇ ਕੰਮ ਉੱਤੇ ਵਿਸ਼ਵਾਸ ਕੀਤਾ ਹੈ।

- ਸੱਚੇ ਵਿਸ਼ਵਾਸੀ ਲਈ ਪਰਮੇਸ਼ਰ ਦਾ **ਬਦਲਾ** ਉਸ ਦੇ ਆਪਣੇ ਪੁੱਤਰ ਉੱਤੇ ਉੜੇਲਿਆ ਜਾ ਚੁੱਕਾ ਹੈ। ਯਿਸੂ ਮਸੀਹ ਨੇ ਸਾਡੇ ਅਪਰਾਧ ਦਾ ਜੁਰਮਾਨਾ ਭਰ ਦਿੱਤਾ ਹੈ (ਯਸਾਯਾਹ 53) ਅਤੇ **ਸਾਡੇ ਲਈ ਸਦੀਪਕ ਜੀਵਨ ਉੱਤੇ ਮੋਹਰ ਲਗਾ ਦਿੱਤੀ** ਹੈ।

- ਸੋ ਹੁਣ ਓਹਨਾਂ ਲਈ ਜਿਹੜੇ ਮਸੀਹ ਯਿਸੂ ਵਿੱਚ ਹਨ **ਸਜ਼ਾ ਦਾ ਹੁਕਮ ਨਹੀਂ** ਹੈ। ਕਿਉਂਕਿ ਜੀਵਨ ਦੇ ਆਤਮਾ ਦੀ ਸ਼ਰਾ ਨੇ ਮਸੀਹ ਯਿਸੂ ਵਿੱਚ ਮੈਨੂੰ **ਪਾਪ ਅਤੇ ਮੌਤ ਦੀ ਸ਼ਰਾ ਤੋਂ ਛੁਡਾ ਦਿੱਤਾ।** ਰੋਮੀਆਂ 8:1-2

ਪ੍ਰਭੂ ਪਰਮੇਸ਼ਰ ਦਿਆਲੂ ਅਤੇ ਕਿਰਪਾਲੂ ਹੈ, ਆਪਣੇ ਪੁੱਤਰਾਂ ਅਤੇ ਧੀਆਂ ਲਈ ਕਿਰਪਾਲਤਾ ਨਾਲ ਭਰਿਆ ਹੋਇਆ ਹੈ (ਇਬਰਾਨੀਆਂ 8:12; ਯਾਕੂਬ 5:11)। **ਪਰ ਫਿਰ ਵੀ ਅਸੀਂ ਆਪਣਿਆਂ ਕੰਮਾਂ ਲਈ ਆਪ ਜਿੰਮੇਵਾਰ ਹਾਂ**:

> ਇਬਰਾਨੀਆਂ 12:6 ਕਿਉਂ ਜੋ ਜਿਹ ਦੇ ਨਾਲ ਪਿਆਰ ਕਰਦਾ ਹੈ, ਪ੍ਰਭੂ ਉਹ ਨੂੰ **ਤਾੜਦਾ ਹੈ**, ਅਤੇ ਹਰੇਕ ਪੁੱਤਰ ਨੂੰ ਜਿਹ ਨੂੰ ਉਹ ਕਬੂਲ ਕਰਦਾ ਹੈ, ਉਹ **ਕੋਰੜੇ ਮਾਰਦਾ ਹੈ**।

2 ਕੁਰਿੰਥੀਆਂ 5:9-10 (9) ਇਸੇ ਲਈ ਅਸਾਂ ਇਹ **ਧਾਰਨਾ ਧਾਰੀ** ਕਿ...ਉਹ ਨੂੰ **ਭਾਉਂਦੇ ਰਹੀਏ।** (10) ਕਿਉਂ ਜੋ **ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ** ਭਈ **ਹਰੇਕ** ਜੋ ਕੁਝ ਉਸ ਨੇ ਦੇਹੀ ਵਿੱਚ ਕੀਤਾ **ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ** ਉਹ ਦਾ **ਫਲ ਭੋਗੇ।**

ਵਿਸ਼ਵਾਸੀਆਂ ਦਿਆਂ **ਕੰਮਾਂ** ਦਾ ਨਿਆਂ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਸਾਹਮਣੇ ਕੀਤਾ ਜਾਵੇਗਾ।

ਸਾਡਿਆਂ **ਕੰਮਾਂ** ਦਾ ਨਿਆਂ ਕੀਤਾ ਜਾਵੇਗਾ, **ਸਾਡੇ ਪਾਪ ਦਾ ਨਹੀਂ,** ਕਿਉਂਕਿ ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ ਕਿ ਵਿਸ਼ਵਾਸੀਆਂ ਦੇ ਪਾਪ ਦਾ ਨਿਆਂ ਮਸੀਹ ਦੀ ਸਲੀਬ ਉੱਤੇ ਹੋ ਚੁੱਕਾ ਹੈ, ਸੋ ਹੁਣ ਓਹਨਾਂ ਲਈ ਜਿਹੜੇ ਮਸੀਹ ਯਿਸੂ ਵਿੱਚ ਹਨ ਸਜ਼ਾ ਦਾ ਹੁਕਮ ਨਹੀਂ ਹੈ। (2) ਕਿਉਂਕਿ ਜੀਵਨ ਦੇ ਆਤਮਾ ਦੀ ਸ਼ਰਾ ਨੇ ਮਸੀਹ ਯਿਸੂ ਵਿੱਚ ਮੈਨੂੰ **ਪਾਪ ਅਤੇ ਮੌਤ ਦੀ ਸ਼ਰਾ ਤੋਂ ਛੁਡਾ ਦਿੱਤਾ।** (3) ਜੋ ਸ਼ਰਾ ਤੋਂ ਨਾ ਹੋ ਸੱਕਿਆ ਇਸ ਕਰਕੇ ਜੋ ਉਹ ਸਰੀਰ ਦੇ ਕਾਰਨ ਨਿਤਾਣੀ ਸੀ, **ਪਰਮੇਸ਼ਰ ਨੇ ਆਪਣਾ ਪੁੱਤਰ** ਪਾਪ ਦੇ ਲਈ ਪਾਪੀ ਸਰੀਰ ਦੇ ਰੂਪ ਵਿੱਚ **ਘੱਲ ਕੇ** ਸਰੀਰ ਵਿੱਚ ਹੀ ਪਾਪ ਉੱਤੇ ਸਜ਼ਾ ਦਾ ਹੁਕਮ ਦਿੱਤਾ (ਨਿਆਂ ਕੀਤਾ ਗਿਆ)। ਰੋਮੀਆਂ 8:1-3

ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਸਾਹਮਣੇ **ਵਿਸ਼ਵਾਸੀ ਆਪਣੇ ਜੀਵਨ ਦਾ ਲੇਖਾ** ਪਰਮੇਸ਼ਰ ਨੂੰ **ਦੇਵੇਗਾ।** ਇਸ ਕਰਕੇ ਸਾਨੂੰ ਆਪਣਿਆਂ ਕੰਮਾਂ ਉੱਤੇ ਗੌਰ ਕਰਨ ਦੀ ਲੋੜ ਹੈ, ਦੂਜਿਆਂ ਦੇ ਕੰਮਾਂ ਦੀ ਨੁਕਤਾਚੀਨੀ ਕਰਨ ਦੀ ਨਹੀਂ।

ਰੋਮੀਆਂ 14:10-13 ਪਰ ਤੂੰ ਆਪਣੇ ਭਰਾ ਉੱਤੇ ਕਾਹਨੂੰ ਦੋਸ਼ ਲਾਉਂਦਾ ਹੈਂ ਅਥਵਾ ਫੇਰ ਤੂੰ ਆਪਣੇ ਭਰਾ ਨੂੰ ਕਿਉਂ ਤੁੱਛ ਜਾਣਦਾ ਹੈਂ? ਕਿਉਂ ਜੋ ਅਸੀਂ ਸੱਭੇ **ਪਰਮੇਸ਼ੁਰ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਖੜੇ ਹੋਵਾਂਗੇ।** (11) ਕਿਉਂ ਜੋ ਇਹ ਲਿਖਿਆ ਹੋਇਆ ਹੈ,-ਪ੍ਰਭੁ ਆਖਦਾ ਹੈ, ਆਪਣੀ ਜਿੰਦ ਦੀ ਸੌਂਹ, ਹਰ ਇੱਕ ਗੋਡਾ ਮੇਰੇ ਅੱਗੇ ਨਿਵੇਗਾ, ਅਤੇ ਹਰ ਇੱਕ ਜੀਭ ਪਰਮੇਸ਼ੁਰ ਦੇ ਅੱਗੇ ਇਕਰਾਰ ਕਰੇਗੀ। (12) ਸੋ **ਸਾਡੇ ਵਿੱਚੋਂ ਹਰੇਕ ਨੇ ਪਰਮੇਸ਼ੁਰ ਨੂੰ ਆਪੋ ਆਪਣਾ ਲੇਖਾ ਦੇਣਾ ਹੈ।** (13) ਇਸ ਲਈ **ਅਸੀਂ ਇੱਕ ਦੂਏ ਉੱਤੇ ਅਗਾਹਾਂ ਨੂੰ ਕਦੇ ਦੋਸ਼ ਨਾ ਲਾਈਏ** ਸਗੋਂ ਤੁਸੀਂ ਇਹ ਵਿਚਾਰੋ ਭਈ ਠੇਡੇ ਅਥਵਾ ਠੋਕਰ ਵਾਲੀ ਵਸਤ ਤੁਸੀਂ ਆਪਣੇ ਭਰਾ ਦੇ ਰਾਹ ਵਿੱਚ ਨਾ ਰੱਖੋ।

ਇਹ ਗੱਲ ਬਹੁਤ ਹਲੀਮ ਕਰਨ ਵਾਲੀ ਹੈ ਕਿ ਅਸੀਂ ਜੋ ਵਿਸ਼ਵਾਸੀ ਹਾਂ, ਇੱਕ ਦਿਨ ਸਾਡੇ ਸਾਰੇ ਕੰਮ ਸਾਡੇ ਸਾਹਮਣੇ ਆ ਕੇ ਖੜ੍ਹੇ ਹੋ ਜਾਣਗੇ — "**ਭਲੇ ਭਾਵੇਂ ਬੁਰੇ**" ਅਤੇ ਅਸੀਂ "ਹਰੇਕ ਅਕਾਰਥ ਗੱਲ...ਦਾ ਹਿਸਾਬ" ਦੇਵਾਂਗੇ (ਮੱਤੀ 12:36-37)।

ਕੁਝ ਲੋਕ **ਸ਼ਰਮਿੰਦੇ ਹੋਣਗੇ**:

> 1 ਯੂਹੰਨਾ 2:28 ਹੁਣ ਹੇ ਬੱਚਿਓ, ਤੁਸੀਂ ਉਹ ਦੇ ਵਿੱਚ **ਕਾਇਮ ਰਹੋ** ਭਈ ਜਦ ਉਹ ਪਰਗਟ ਹੋਵੇ ਤਾਂ ਸਾਨੂੰ **ਦਿਲੇਰੀ ਹੋਵੇ** ਅਤੇ ਉਹ ਦੇ ਆਉਣ ਦੇ ਵੇਲੇ ਅਸੀਂ ਉਹ ਦੇ ਅੱਗੇ **ਲੱਜਿਆਵਾਨ** ਨਾ ਹੋਈਏ।

ਅਤੇ ਕਈਆਂ ਦੀ *"ਹਾਨੀ ਹੋ ਜਾਵੇਗੀ:"* 1 ਕੁਰਿੰਥੀਆਂ 3:15

> ਮੁਕਤੀ ਦੀ ਹਾਨੀ ਨਹੀਂ, ਪਰ ਪ੍ਰਤੀਫਲ ਦੀ ਹਾਨੀ।

.................................................................................................................................

**ਇਬਰਾਨੀਆਂ 10:31** ਜੀਉਂਦੇ ਪਰਮੇਸ਼ੁਰ ਦੇ ਹੱਥ ਵਿੱਚ ਪੈਣਾ **ਭਿਆਣਕ ਗੱਲ ਹੈ**!

**ਇੱਥੋਂ ਤੱਕ ਕਿ ਉਸ ਦੇ ਆਪਣੇ ਲੋਕਾਂ ਲਈ ਵੀ**: 1 ਕੁਰਿੰਥੀਆਂ 10:1-11 ਹੇ ਭਰਾਵੋ, ਮੈਂ ਨਹੀਂ ਚਾਹੁੰਦਾ ਜੋ ਤੁਸੀਂ ਇਸ ਤੋਂ ਅਣਜਾਣ ਰਹੋ ਭਈ ਸਾਡੇ ਪਿਉ ਦਾਦੇ ਬੱਦਲ ਦੇ ਹੇਠ ਸਨ ਅਤੇ ਓਹ ਸੱਭੇ ਸਮੁੰਦਰ ਦੇ ਵਿੱਚੋਂ ਦੀ ਲੰਘ ਗਏ। (2) ਅਤੇ ਸਭਨਾਂ ਨੂੰ ਉਸ ਬੱਦਲ ਅਤੇ ਉਸ ਸਮੁੰਦਰ ਵਿੱਚ ਮੂਸਾ ਦਾ ਬਪਤਿਸਮਾ ਮਿਲਿਆ। (3) ਸਭਨਾਂ ਨੇ ਇੱਕੋ ਆਤਮਕ ਭੋਜਨ ਖਾਧਾ। (4) ਅਤੇ ਸਭਨਾਂ ਨੇ ਇੱਕੋ ਆਤਮਕ ਜਲ ਪੀਤਾ ਕਿਉਂ ਜੋ ਓਹਨਾਂ ਨੇ ਉਸ ਆਤਮਕ ਪੱਥਰ ਤੋਂ ਜਲ ਪੀਤਾ ਜਿਹੜਾ ਓਹਨਾਂ ਦੇ ਮਗਰ ਮਗਰ ਚੱਲਦਾ ਸੀ ਅਤੇ ਉਹ ਪੱਥਰ ਮਸੀਹ ਹੈਸੀ। (5) ਪਰੰਤੂ **ਪਰਮੇਸ਼ੁਰ** ਓਹਨਾਂ ਵਿੱਚੋਂ ਬਾਹਲਿਆਂ ਨਾਲ **ਪਰਸੰਨ ਨਹੀਂ ਸੀ** ਸੋ ਓਹ ਉਜਾੜ ਵਿੱਚ **ਢਹਿ ਪਏ।** (6) ਅਤੇ ਏਹ ਗੱਲਾਂ ਸਾਡੇ ਲਈ **ਨਸੀਹਤ** ਬਣੀਆਂ ਭਈ ਅਸੀਂ ਮਾੜੀਆਂ ਗੱਲਾਂ ਦੀਆਂ ਕਾਮਨਾਂ ਨਾ ਕਰੀਏ ਜਿਵੇਂ ਓਹਨਾਂ ਨੇ ਕਾਮਨਾਂ ਕੀਤੀਆਂ ਸਨ। (7) ਅਤੇ ਨਾ

ਤੁਸੀਂ ਮੂਰਤੀ ਪੂਜਕ ਹੋਵੋ ਜਿਵੇਂ ਓਹਨਾਂ ਵਿੱਚੋਂ ਕਈਕੁ ਹੋਏ ਸਨ। ਜਿਸ ਪਰਕਾਰ ਲਿਖਿਆ ਹੋਇਆ ਹੈ ਜੋ ਓਹ ਲੋਕ ਖਾਣ ਪੀਣ ਬੈਠੇ ਅਤੇ ਹੱਸਣ ਖੇਡਣ ਨੂੰ ਉੱਠੇ। (8) ਅਤੇ ਨਾ ਅਸੀਂ ਹਰਾਮਕਾਰੀ ਕਰੀਏ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਕੀਤੀ ਅਤੇ **ਇੱਕੋ ਦਿਨ ਵਿੱਚ ਤੇਈ ਹਜ਼ਾਰ ਜਣਿਆਂ ਦੇ ਸੱਥਰ ਲੱਥੇ।** (9) ਅਤੇ ਨਾ ਅਸੀਂ ਪ੍ਰਭੂ ਨੂੰ ਪਰਤਾਈਏ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਪਰਤਾਇਆ ਸੀ ਅਤੇ ਸੱਪਾਂ ਤੋਂ ਨਾਸ ਹੋਏ। (10) ਅਤੇ ਨਾ ਤੁਸੀਂ ਬੁੜ ਬੁੜ ਕਰੋ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਬੁੜ ਬੁੜ ਕੀਤੀ ਅਤੇ ਨਾਸ ਕਰਨ ਵਾਲੇ ਤੋਂ ਨਾਸ ਹੋਏ। (11) **ਸੋ ਏਹ ਗੱਲਾਂ ਓਹਨਾਂ ਉੱਤੇ ਨਸੀਹਤ ਦੇ ਲਈ ਹੋਈਆਂ ਅਤੇ ਸਾਨੂੰ ਮੱਤ ਦੇਣ ਲਈ ਲਿਖੀਆਂ ਹੋਈਆਂ ਹਨ ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ।**

**ਇਬਰਾਨੀਆਂ** 12:5-11 ਅਤੇ ਤੁਸੀਂ ਉਸ ਉਪਦੇਸ਼ ਨੂੰ ਭੁੱਲ ਗਏ ਹੋ ਜਿਸ ਤੋਂ ਤੁਹਾਨੂੰ ਪੁੱਤਰਾਂ ਵਾਂਙੁ ਸਮਝਾਈਦਾ ਹੈ,-ਹੇ ਮੇਰੇ ਪੁੱਤਰ, ਤੂੰ ਪ੍ਰਭੂ ਦੀ ਤਾੜ ਨੂੰ ਤੁੱਛ ਨਾ ਜਾਣ, ਅਤੇ ਜਾਂ ਉਹ ਤੈਨੂੰ ਝਿੜਕੇ ਤਾਂ ਅੱਕ ਨਾ ਜਾਈਂ, (6) ਕਿਉਂ ਜੋ **ਜਿਹ ਦੇ ਨਾਲ ਪਿਆਰ ਕਰਦਾ ਹੈ, ਪ੍ਰਭੂ ਉਹ ਨੂੰ ਤਾੜਦਾ ਹੈ,** ਅਤੇ **ਹਰੇਕ ਪੁੱਤਰ ਨੂੰ** ਜਿਹ ਨੂੰ ਉਹ ਕਬੂਲ ਕਰਦਾ ਹੈ, ਉਹ **ਕੋਰੜੇ ਮਾਰਦਾ ਹੈ।** (7) ਤੁਸੀਂ ਸਹਾਰਾ ਜੋ ਕਰਦੇ ਹੋ ਇਹ ਤਾੜੇ ਜਾਣ ਦੇ ਨਮਿੱਤ ਹੈ। ਪਰਮੇਸ਼ਰ ਤੁਹਾਡੇ ਨਾਲ ਅਜਿਹਾ ਵਰਤਦਾ ਹੈ ਜਿਹਾ ਪੁੱਤਰਾਂ ਨਾਲ, ਕਿਉਂ ਜੋ ਉਹ ਕਿਹੜਾ ਪੁੱਤਰ ਹੈ ਜਿਹ ਨੂੰ ਪਿਉ ਨਹੀਂ ਤਾੜਦਾ? (8) ਪਰ ਜੇ ਤੁਸੀਂ ਉਸ ਤਾੜਨਾ ਬਿਨਾ ਰਹੇ ਜਿਹ ਦੇ ਵਿੱਚ ਸੱਭੋ ਸਾਂਝੀ ਹੋਏ ਹਨ ਤਾਂ ਤੁਸੀਂ ਪੁੱਤਰ ਨਹੀਂ ਸਗੋਂ ਹਰਾਮ ਦੇ ਹੋ! (9) ਫੇਰ ਸਾਡੇ ਸਰੀਰਕ ਪਿਉ ਸਨ ਜਿਹੜੇ ਤਾੜਨਾ ਕਰਦੇ ਸਨ ਅਤੇ ਅਸਾਂ ਓਹਨਾਂ ਦਾ ਆਦਰ ਕੀਤਾ। ਤਾਂ ਭਲਾ, ਅਸੀਂ ਬਹੁਤ ਵਧੀਕ ਆਤਮਿਆਂ ਦੇ ਪਿਤਾ ਦੇ ਅਧੀਨ ਨਾ ਹੋਈਏ ਅਤੇ ਜੀਵੀਏ? (10) ਓਹ ਤਾਂ ਥੋੜੇ ਦਿਨਾਂ ਦੇ ਲਈ ਆਪਣੀ ਸਮਝ ਦੇ ਅਨੁਸਾਰ ਤਾੜਨਾ ਕਰਦੇ ਸਨ ਪਰ ਇਹ ਲਾਭ ਦੇ ਲਈ ਕਰਦਾ ਹੈ ਭਈ **ਅਸੀਂ ਉਹ ਦੀ ਪਵਿੱਤਰਤਾਈ ਵਿੱਚ ਸਾਂਝੀ ਹੋਈਏ।** (11) ਸਾਰੀ ਤਾੜਨਾ ਤਾਂ ਓਸ ਵੇਲੇ ਅਨੰਦ ਦੀ ਨਹੀਂ ਸਗੋਂ ਸੋਗ ਦੀ ਗੱਲ ਸੁੱਝਦੀ ਹੈ ਪਰ ਮਗਰੋਂ ਉਹ ਓਹਨਾਂ ਨੂੰ **ਜਿਹੜੇ ਉਹ ਦੇ ਨਾਲ ਸਿਧਾਏ ਗਏ ਹਨ ਧਰਮ ਦਾ ਸ਼ਾਂਤੀ-ਦਾਇਕ ਫਲ** ਦਿੰਦੀ ਹੈ।

ਯਾਕੂਬ 1:2-4 ਹੇ ਮੇਰੇ ਭਰਾਵੋ, ਜਾਂ ਤੁਸੀਂ ਭਾਂਤ ਭਾਂਤ ਦੇ ਪਰਤਾਵਿਆਂ ਵਿੱਚ ਪਵੋ ਤਾਂ **ਇਹ ਨੂੰ ਪੂਰਨ ਅਨੰਦ ਦੀ ਗੱਲ ਜਾਣੋ।** (3) ਕਿਉਂ ਜੋ ਤੁਸੀਂ ਜਾਣਦੇ ਹੋ ਭਈ ਤੁਹਾਡੀ ਨਿਹਚਾ ਦੀ ਪਰੀਖਿਆ **ਧੀਰਜ** ਬਣਾਉਂਦੀ ਹੈ। (4) ਅਤੇ ਧੀਰਜ ਦੇ ਕੰਮ ਨੂੰ ਪੂਰਿਆਂ ਹੋ ਲੈਣ ਦਿਓ ਭਈ ਤੁਸੀਂ **ਸਿੱਧ ਅਤੇ ਸੰਪੂਰਨ ਹੋਵੋ** ਅਤੇ ਤੁਹਾਨੂੰ ਕਿਸੇ ਗੱਲ ਦਾ ਘਾਟਾ ਨਾ ਹੋਵੇ।

.......................................................................................................................

**ਇਬਰਾਨੀਆਂ 10:32-34** ਪਰ ਪਹਿਲਿਆਂ ਦਿਨਾਂ ਨੂੰ ਚੇਤੇ ਕਰੋ ਜਦੋਂ ਆਪਣੇ **ਉਜਿਆਲੇ ਕੀਤੇ ਜਾਣ** ਦੇ ਪਿੱਛੋਂ ਤੁਸਾਂ **ਦੁੱਖਾਂ ਦੇ ਵੱਡੇ ਘੋਲਮਘੋਲੇ ਨੂੰ ਸਹਿ ਲਿਆ।** (33) ਕਦੀ ਤਾਂ ਤੁਸੀਂ ਨਿੰਦਿਆ ਅਤੇ ਬਿਪਤਾ ਦੇ ਕਾਰਨ ਤਮਾਸ਼ਾ ਬਣੇ, ਅਤੇ ਕਦੀ ਓਹਨਾਂ ਦੇ ਸਾਂਝੀ ਹੋਏ ਜਿਨ੍ਹਾਂ ਨਾਲ ਇਸ ਤਰਾਂ ਦੁਰਦਸ਼ਾ ਹੁੰਦੀ ਸੀ। (34) ਕਿਉਂ ਜੋ ਤੁਸੀਂ ਕੈਦੀਆਂ ਦੇ ਦਰਦੀ ਹੋਏ, ਨਾਲੇ ਆਪਣੇ ਧਨ ਦੇ ਲੁੱਟ ਜਾਣ ਨੂੰ ਅਨੰਦ ਨਾਲ ਮੰਨ ਲਿਆ **ਇਹ ਜਾਣ ਕੇ** ਭਈ ਸਾਡਾ **ਇੱਕ ਧਨ ਇਸ ਨਾਲੋਂ ਉੱਤਮ ਅਤੇ ਅਟੱਲ ਹੈ।**

ਲਿਖਾਰੀ ਆਪਣੇ ਪਾਠਕਾਂ ਨੂੰ **ਉਤਸ਼ਾਹਿਤ** ਕਰ ਰਿਹਾ ਹੈ ਕਿ ਉਹ ਉਸ ਲਗਨ, ਸਮਰਪਣ ਅਥੇ ਵਿਸ਼ਵਾਸਯੋਗਤਾ ਨੂੰ ਚੇਤੇ ਕਰਨ ਅਤੇ ਉਸ ਵੱਲ ਮੁੜ ਆਉਣ, ਜੋ ਸਾਡੇ ਅੰਦਰ ਪਹਿਲੀ ਵਾਰੀ ਵਿਸ਼ਵਾਸ ਕਰਨ ਵੇਲੇ ਸੀ ਅਤੇ ਉਸ

ਅਪਰਵਾਨਗੀ, ਨਿੰਦਿਆ ਅਤੇ ਸੰਕਟ ਨੂੰ ਸਹਿ ਲੈਣ ਜੋ ਯਿਸੂ ਦੀ ਪੈਰਵੀ ਕਰਨ ਲਈ ਸੰਸਾਰ ਦੇ ਪੁਰਾਣੇ ਤੌਰ-ਤਰੀਕਿਆਂ ਨੂੰ ਛੱਡ ਦੇਣ ਕਾਰਨ ਆਉਂਦੀ ਹੈ।

ਉਹ ਸਾਨੂੰ **ਉਤਸ਼ਾਹਿਤ** ਕਰ ਰਿਹਾ ਹੈ ਕਿ ਅਸੀਂ ਸੰਸਾਰ ਦੇ ਆਤਮ-ਕੇਂਦਰਿਤ ਮਾਰਗਾਂ ਨੂੰ ਸਵੀਕਾਰ **ਨਾ** ਕਰੀਏ, ਸਗੋਂ ਲੋਕਾਂ ਦੀ ਸੇਵਾ ਅਤੇ ਦੂਜਿਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਉੱਤੇ ਕੇਂਦਰਿਤ ਰਹੀਏ, ਕਿਉਂਕਿ ਅਸੀਂ ਜਾਣਦੇ ਹਾਂ ਕਿ ਸਾਡੀ ਨਾਗਰਿਕਤਾ ਅਤੇ ਸਾਡਾ ਘਰ ਸਵਰਗ ਵਿੱਚ ਹੈ।

1 ਕੁਰਿੰਥੀਆਂ 3:11-15 ਕਿਉਂ ਜੋ ਉਸ ਨੀਂਹ ਤੋਂ ਬਿਨਾ ਜੋ ਰੱਖੀ ਹੋਈ ਹੈ ਦੂਜੀ ਕੋਈ ਨਹੀਂ ਰੱਖ ਸੱਕਦਾ ਅਰ ਉਹ ਯਿਸੂ ਮਸੀਹ ਹੈ। (12) ਪਰ **ਜੇ ਕੋਈ** ਇਹ ਨੀਂਹ ਉੱਤੇ ਸੋਨੇ, ਚਾਂਦੀ, ਬਹੁਮੁੱਲੇ ਪੱਥਰਾਂ, ਲੱਕੜਾਂ, ਘਾਹ ਅਤੇ ਭੋ ਦੀ ਉਸਾਰੀ ਕਰੇ। (13) ਤਾਂ **ਹਰੇਕ ਦਾ ਕੰਮ ਪਰਗਟ ਹੋਵੇਗਾ** ਕਿਉਂ ਜੋ ਉਹ ਦਿਨ ਉਸ ਨੂੰ ਉਘਾੜ ਦੇਵੇਗਾ ਇਸ ਲਈ ਜੋ ਉਹ **ਅੱਗ ਨਾਲ ਪਰਕਾਸ਼ ਹੁੰਦਾ ਹੈ** ਅਤੇ ਅੱਗ ਆਪੇ ਹਰੇਕ ਦਾ **ਕੰਮ ਪਰਖ ਦੇਵੇਗੀ** ਭਈ ਉਹ ਕਿਸ ਪਰਕਾਰ ਦਾ ਹੈ। (14) ਜੇ **ਕਿਸੇ ਦਾ ਕੰਮ** ਜਿਹੜਾ ਉਹ ਨੇ ਬਣਾਇਆ ਸੀ **ਟਿਕਿਆ ਰਹੇਗਾ** ਤਾਂ ਉਹ ਨੂੰ **ਬਦਲਾ ਮਿਲੇਗਾ।** (15) ਜੇ **ਕਿਸੇ ਦਾ ਕੰਮ ਸੜ ਜਾਵੇ** ਤਾਂ **ਉਹ ਦੀ ਹਾਨੀ ਹੋ ਜਾਵੇਗੀ ਪਰੰਤੂ ਉਹ ਆਪ ਤਾਂ ਬਚ ਜਾਵੇਗਾ** ਪਰ ਸੜਦਿਆਂ ਸੜਦਿਆਂ। "**ਬਚ ਜਾਵੇਗਾ**" – ਇਬਰਾਨੀਆਂ 10:14 ਕਿਉਂ ਜੋ ਉਹ ਨੇ ਇੱਕੋ ਭੇਟ ਨਾਲ ਉਨ੍ਹਾਂ ਨੂੰ ਜਿਹੜੇ ਪਵਿੱਤਰ ਕੀਤੇ ਜਾਂਦੇ ਹਨ **ਸਦਾ ਲਈ ਸੰਪੂਰਨ** ਕੀਤਾ ਹੈ। (ਵਿਸ਼ਵਾਸ ਰਾਹੀਂ, ਰਸੂਲਾਂ 26:18)

........................................................................................................................................

**ਇਬਰਾਨੀਆਂ 10:35 ਸੋ** ਤੁਸਾਂ ਆਪਣੀ ਦਿਲੇਰੀ ਨੂੰ (ਆਇਤ 34 ਦੇ ਸੰਦਰਭ ਦੇ ਅਨੁਸਾਰ ਪ੍ਰਭੂ ਦੀ ਸੇਵਾ ਕਰਨ ਵਿੱਚ) ਕਿਤੇ ਗੁਆ ਨਾ ਬੈਠਣਾ ਕਿ ਉਹ ਦਾ **ਵੱਡਾ ਫਲ** ਹੈ।

- ਮਸਲਾ ਇਹ ਨਹੀਂ ਹੈ: **ਕਿ ਤੁਹਾਨੂੰ ਪ੍ਰਤੀਫਲ ਨਹੀਂ ਮਿਲੇਗਾ।**

  ਉਹ ਅਸੀਸਾਂ / ਅਧਿਕਾਰ / ਨੇੜਤਾ ਨਹੀਂ ਮਿਲੇਗੀ ਜੋ **ਪ੍ਰਭੂ ਨੂੰ ਪ੍ਰਸੰਨ ਕਰਨ ਤੋਂ ਆਉਂਦੀ ਹੈ।**

  ਇਸੇ ਲਈ ਅਸਾਂ ਇਹ ਧਾਰਨਾ ਧਾਰੀ ਕਿ...ਉਹ ਨੂੰ **ਭਾਉਂਦੇ ਰਹੀਏ।** 2 ਕੁਰਿੰਥੀਆਂ 5:9

ਮੱਤੀ 25:19-21 **ਬਹੁਤ ਚਿਰ ਪਿੱਛੋਂ** ਉਨ੍ਹਾਂ ਚਾਕਰਾਂ ਦਾ ਮਾਲਕ ਆਇਆ ਅਤੇ ਉਨ੍ਹਾਂ ਤੋਂ **ਲੇਖਾ ਲੈਣ ਲੱਗਾ।** (20) ਸੋ ਜਿਹ ਨੇ ਪੰਜ ਤੋੜੇ ਲਏ ਸਨ ਉਹ ਨੇ ਕੋਲ ਆਣ ਕੇ ਹੋਰ ਪੰਜ ਤੋੜੇ ਉਹ ਦੇ ਅੱਗੇ ਰੱਖੇ ਅਤੇ ਕਿਹਾ, ਸੁਆਮੀ ਜੀ ਤੁਸਾਂ ਮੈਨੂੰ ਪੰਜ ਤੋੜੇ ਸੌਂਪੇ ਸਨ। ਵੇਖੋ ਮੈਂ ਪੰਜ ਤੋੜੇ ਹੋਰ ਭੀ ਖੱਟੇ। (21) ਉਹ ਦੇ ਮਾਲਕ ਨੇ ਉਸ ਨੂੰ ਕਿਹਾ, **ਹੇ ਚੰਗੇ ਅਤੇ ਮਾਤਬਰ ਚਾਕਰ ਸ਼ਾਬਾਸ਼!** ਤੂੰ ਤਾਂ ਥੋੜੇ ਜਿਹੇ ਵਿੱਚ ਮਾਤਬਰ ਨਿੱਕਲਿਆ, ਮੈਂ ਤੈਨੂੰ ਬਹੁਤ ਸਾਰੇ ਉੱਤੇ ਇਖ਼ਤਿਆਰ ਦਿਆਂਗਾ। ਤੂੰ **ਆਪਣੇ ਮਾਲਕ ਦੀ ਖ਼ੁਸ਼ੀ ਵਿੱਚ ਦਾਖਿਲ ਹੋ।**

ਇਸ ਦਾਸ ਨੇ ਆਪਣੇ ਮਾਲਕ ਨੂੰ ਪ੍ਰਸੰਨ ਕੀਤਾ ਅਤੇ ਉਸ ਨੂੰ ਢੇਰ ਸਾਰੀਆਂ ਅਸੀਸਾਂ ਅਤੇ ਪ੍ਰਤੀਫਲ ਮਿਲੇ।

……………………………………………………………………………………………………………

**ਇਬਰਾਨੀਆਂ 10:36-37** ਕਿਉਂ ਜੋ ਤੁਹਾਨੂੰ **ਧੀਰਜ** ਕਰਨ ਦੀ ਲੋੜ ਹੈ ਭਈ ਤੁਸੀਂ ਪਰਮੇਸ਼ਰ ਦੀ ਇੱਛਿਆ ਨੂੰ ਪੂਰਿਆਂ ਕਰ ਕੇ **ਵਾਇਦੇ** ਨੂੰ ਪਰਾਪਤ ਕਰੋ। (37) ਇਹ ਲਿਖਿਆ ਹੈ,-ਹੁਣ ਥੋੜਾ ਜਿਹਾ ਚਿਰ ਹੈ, ਜੋ **ਆਉਣ ਵਾਲਾ ਆਵੇਗਾ,** ਅਤੇ ਚਿਰ ਨਾ ਲਾਵੇਗਾ।

- ਬਾਈਬਲ ਵਿਚਲੀਆਂ ਜ਼ਿਆਦਾਤਰ ਪ੍ਰਤਿੱਗਿਆਵਾਂ ਸ਼ਰਤਾਂ ਦੇ ਨਾਲ ਆਉਂਦੀਆਂ ਹਨ, ਜੋ ਸਾਡੀ ਵਿਸ਼ਵਾਸਯੋਗ ਸੇਵਾ ਅਤੇ ਆਗਿਆਕਾਰੀ ਨਾਲ ਸੰਬੰਧਤ ਹਨ

ਮੱਤੀ 25:34-36 ਤਦ ਪਾਤਸ਼ਾਹ ਉਨ੍ਹਾਂ ਨੂੰ ਜਿਹੜੇ ਉਹ ਦੇ ਸੱਜੇ ਪਾਸੇ ਹੋਣ ਆਖੇਗਾ, ਹੇ ਮੇਰੇ ਪਿਤਾ ਦੇ ਮੁਬਾਰਕ ਲੋਕੋ **ਆਓ**! ਜਿਹੜਾ **ਰਾਜ** ਸੰਸਾਰ ਦੇ ਮੁੱਢੋਂ ਤੁਹਾਡੇ ਲਈ ਤਿਆਰ ਕੀਤਾ ਹੋਇਆ ਹੈ ਉਹ **ਦੇ ਵਾਰਸ ਹੋਵੋ।** (35) ਕਿਉਂ ਜੋ ਮੈਂ ਭੁੱਖਾ ਸਾਂ ਅਤੇ ਤੁਸਾਂ ਮੈਨੂੰ ਖਾਣ ਨੂੰ ਦਿੱਤਾ, ਮੈਂ ਤਿਹਾਇਆ ਸਾਂ ਅਤੇ ਤੁਸਾਂ ਮੈਨੂੰ ਪਿਆਇਆ, ਮੈਂ ਪਰਦੇਸੀ ਸਾਂ ਅਰ ਤੁਸਾਂ ਮੈਨੂੰ ਆਪਣੇ ਘਰ ਉਤਾਰਿਆ। (36) ਨੰਗਾ ਸਾਂ ਅਰ ਤੁਸਾਂ ਮੈਨੂੰ ਪਹਿਨਾਇਆ, ਮੈਂ ਰੋਗੀ ਸਾਂ ਅਰ ਤੁਸਾਂ ਮੇਰੀ ਖ਼ਬਰ ਲਈ, ਮੈਂ ਕੈਦ ਵਿੱਚ ਸਾਂ ਅਤੇ ਤੁਸੀਂ ਮੇਰੇ ਕੋਲ ਆਏ।

……………………………………………………………………………………………………………

**ਇਬਰਾਨੀਆਂ 10:38** ਪਰ **ਮੇਰਾ ਧਰਮੀ ਬੰਦਾ ਨਿਹਚਾ ਤੋਂ ਜੀਵੇਗਾ**, ਅਤੇ ਜੇ ਉਹ (ਉਸ ਦਾ ਧਰਮੀ ਬੰਦਾ) ਪਿਛਾਹਾਂ ਹਟ ਜਾਵੇ (ਜਾਂ ਮੁੜ ਜਾਵੇ), ਮੇਰਾ ਜੀ ਉਸ ਤੋਂ **ਪਰਸੰਨ** ਨਹੀਂ ਹੋਵੇਗਾ।

- ਮਸਲਾ ਇਹ ਹੈ: ਇੱਕ ਸੱਚਾ (ਨਿਹਚਾ ਸਦਕਾ **ਧਰਮੀ**) ਵਿਸ਼ਵਾਸੀ ਪ੍ਰਭੂ ਦੀ ਅਤੇ ਲੋਕਾਂ ਦੀ ਸੇਵਾ ਕਰਨ ਦੁਆਰਾ ਅਜਿਹਾ ਜੀਵਨ ਜੀ ਰਿਹਾ ਹੈ ਜੋ ਪ੍ਰਭੂ ਨੂੰ ਪ੍ਰਸੰਨ ਕਰਦਾ ਹੈ ਅਤੇ ਰਾਹ ਵਿੱਚ ਆਉਣ ਵਾਲੇ ਹਰੇਕ ਸੰਕਟ ਨੂੰ ਸਹਿ ਲੈਂਦਾ ਹੈ (ਆਇਤ 33)।

- ਜੇਕਰ ਉਸ ਦਾ ਧਰਮੀ ਬੰਦਾ ਸੇਵਾ ਕਰਨ ਵਾਲੇ ਅਤੇ ਸੰਕਟ ਭਰੇ ਜੀਵਨ ਤੋਂ **ਪਿਛਾਹਾਂ ਮੁੜਦਾ ਹੈ** (ਆਇਤ 32-34), **ਤਾਂ ਉਹ ਪ੍ਰਭੂ ਨੂੰ ਪ੍ਰਸੰਨ ਨਹੀਂ ਕਰਦਾ।** ਯਿਸੂ ਸਾਡਾ ਉਦਾਹਰਣ ਹੈ (1 ਪਤਰਸ 2:21-23)।

  "ਪਿਛਾਹਾਂ ਹਟਣ ਜਾਂ ਮੁੜਨ" **ਦਾ ਅਰਥ ਇਹ ਨਹੀਂ ਹੈ ਕਿ ਉਹ ਬੰਦਾ ਹੁਣ ਵਿਸ਼ਵਾਸੀ ਨਹੀਂ ਰਿਹਾ ਹੈ** ਅਤੇ ਆਪਣਾ ਸਦੀਪਕ ਜੀਵਨ ਗੁਆ ਬੈਠਾ ਹੈ। ਉਹ ਕੇਵਲ ਆਗਿਆਕਾਰੀ ਅਤੇ ਸੇਵਾ ਤੋਂ ਪਿਛਾਹਾਂ ਹਟ ਰਿਹਾ ਹੈ। ਯਿਸੂ ਤਦ ਵੀ ਉਸ ਦਾ ਮੁਕਤੀਦਾਤਾ ਤਾਂ ਬਣਿਆ ਰਹਿੰਦਾ ਹੈ, ਪਰ ਪ੍ਰਭੂ ਨਹੀਂ (ਲੂਕਾ 6:46)

ਜਦੋਂ ਉਹ ਆਖਦਾ ਹੈ: ਪਰ **ਮੇਰਾ ਧਰਮੀ ਬੰਦਾ ਨਿਹਚਾ ਤੋਂ ਜੀਵੇਗਾ** — ਤਾਂ ਸਾਨੂੰ ਇਹ ਚੇਤੇ ਰੱਖਣ ਦੀ ਲੋੜ ਹੈ:

-  **ਪ੍ਰਭੂ ਜਾਣਦਾ ਹੈ ਕਿ ਉਸ ਦੀਆਂ ਭੇਡਾਂ ਕੌਣ-ਕੌਣ ਹਨ**:

ਯੂਹੰਨਾ 10:27-28 ਮੇਰੀਆਂ ਭੇਡਾਂ ਮੇਰੀ ਅਵਾਜ਼ ਸੁਣਦੀਆਂ ਹਨ ਅਰ **ਮੈਂ ਉਨ੍ਹਾਂ ਨੂੰ ਸਿਆਣਦਾ ਹਾਂ...ਮੈਂ ਉਨ੍ਹਾਂ ਨੂੰ ਸਦੀਪਕ ਜੀਉਣ ਦਿੰਦਾ ਹਾਂ** ਅਰ **ਉਨ੍ਹਾਂ ਦਾ ਸਦੀਪਕਾਲ ਤੀਕੁ ਕਦੇ ਨਾਸ ਨਾ ਹੋਵੇਗਾ।**

- **ਅਤੇ ਪ੍ਰਭੂ ਇਹ ਵੀ ਜਾਣਦਾ ਹੈ ਕਿ ਕਿਹੜੀਆਂ ਭੇਡਾਂ ਉਸ ਦੀਆਂ ਨਹੀਂ ਹਨ**:

ਮੱਤੀ 7:23 ਮੈਂ ਉਨ੍ਹਾਂ ਨੂੰ ਸਾਫ ਆਖਾਂਗਾ ਭਈ **ਮੈਂ ਤੁਹਾਨੂੰ ਕਦੇ ਵੀ ਨਹੀਂ ਜਾਣਿਆ।**

ਲਹੂ ਨਾਲ ਖਰੀਦੇ ਗਏ, ਧਰਮੀ ਠਹਿਰਾਏ ਗਏ ਅਤੇ ਨਿਹਚਾ ਸਦਕਾ ਧਰਮੀ ਗਿਣੇ ਗਏ, ਉਸ ਦੇ ਵਿਸ਼ਵਾਸੀ ਲੋਕਾਂ ਦੇ ਪਵਿੱਤਰ ਸ਼ਾਸਤਰ ਵਿੱਚ ਅਜਿਹੇ ਕਈ ਉਦਾਹਰਣ ਹਨ, ਜੋ ਭਿੰਨ-ਭਿੰਨ ਕਾਰਨਾਂ ਕਰਕੇ ਪੁਰਾਣੀਆਂ ਧਾਰਮਿਕ ਆਦਤਾਂ, ਪਾਪੀ ਤੌਰ-ਤਰੀਕਿਆਂ, ਹੋਰ ਕੁਰਬਾਨੀਆਂ ਜਾਂ ਮੂਰਤਾਂ ਵੱਲ ਫਿਰ ਗਏ।

ਉਹ ਅਗਿਆਨਤਾ ਸਦਕਾ ਇਨ੍ਹਾਂ ਵੱਲ ਮੁੜੇ ਸਨ; ਜੋ ਧਰਮ ਦੀ ਆਤਮਾ ਦੇ ਚਲਾਏ ਚੱਲ ਰਹੇ ਸਨ, ਜਿਸ ਨੇ ਉਨ੍ਹਾਂ ਨੂੰ ਸੰਤੋਖ ਅਤੇ ਘਮੰਡ ਦੇ ਭਾਵ ਨਾਲ ਭਰ ਦਿੱਤਾ, ਕਿਉਂਕਿ ਉਸ ਨੇ ਉਨ੍ਹਾਂ ਦੇ ਵਿੱਚ ਇਹ ਸੋਚ ਪੈਦਾ ਕਰ ਦਿੱਤੀ ਕਿ ਉਨ੍ਹਾਂ ਨੇ ਆਪਣਿਆਂ ਚੰਗੇ ਕੰਮਾਂ ਸਦਕਾ ਆਪਣੀ ਧਾਰਮਿਕਤਾ ਅਤੇ ਪਰਵਾਨਗੀ **ਕਮਾਈ ਹੈ**।

- ਪ੍ਰਭੂ ਸਾਨੂੰ ਆਖਦਾ ਹੈ ਕਿ ਅਸੀਂ **ਭਲੇ ਕੰਮ** ਕਰਦੇ ਰਹੀਏ, ਪਰ ਧਾਰਮਿਕਤਾ ਕਮਾਉਣ ਲਈ **ਨਹੀਂ** (ਮੱਤੀ 5:16; ਅਫ਼ਸੀਆਂ 2:10 ਤੀਤੁਸ 3:5)।

ਜਦੋਂ ਅਸੀਂ **ਇੱਕ ਕੁਰਬਾਨੀ** ਤੋਂ ਫਿਰ ਜਾਂਦੇ ਹਾਂ ਅਤੇ ਕੁਝ ਹੋਰ ਜੋੜ ਦਿੰਦੇ ਹਾਂ, ਤਾਂ ਅਸੀਂ ਆਖਦੇ ਹਾਂ ਕਿ ਯਿਸੂ ਦਾ ਲਹੂ ਪੂਰੀ ਤਰ੍ਹਾਂ ਕਾਫੀ ਨਹੀਂ ਹੈ। ਇਸ ਕਰਕੇ ਤੁਸੀਂ ਵੇਖ ਸਕਦੇ ਹੋ ਕਿ ਜੋ ਕੁਝ ਯਿਸੂ ਸਾਡੇ ਲਈ ਕਰ ਚੁੱਕਾ ਹੈ, ਉਸ ਤੋਂ ਬਾਦ ਕਿਵੇਂ ਇਹ ਪ੍ਰਭੂ ਨੂੰ **ਪ੍ਰਸੰਨ ਨਹੀਂ ਕਰਦਾ** ਅਤੇ ਸਾਡੇ ਉੱਤੇ ਉਸ ਦਾ ਨਿਆਂ ਅਤੇ ਤਾੜਨਾ ਸਾਡੇ ਉੱਤੇ ਲਿਆਉਂਦਾ ਹੈ।

ਇੱਕ ਉਦਾਹਰਣ ਨੂੰ ਵੇਖੋ:
**ਹਿਜ਼ਕੀਏਲ 44:10-16** ਉਹ ਨੇੜੇ ਨਹੀਂ ਆ ਸਕਦੇ — ਉਹ ਪ੍ਰਭੂ ਦੇ ਨਾਲ ਵਿਸ਼ੇਸ਼ ਸੰਬੰਧ ਨੂੰ ਅਤੇ ਉਸ ਦੀ ਸੇਵਾ ਕੀਤੇ ਜਾਣ ਦੇ ਮੌਕੇ ਨੂੰ ਗੁਆ ਬੈਠਦੇ ਹਨ।

ਮਸੀਹ ਵਿੱਚ ਧਰਮੀ ਠਹਿਰਾਏ ਗਏ, ਉਸ ਦੇ ਨਾਲ ਲਹੂ ਦੇ ਨੇਮ ਵਿੱਚ ਬੱਝੇ ਵਿਸ਼ਵਾਸੀ ਲਈ ਲਗਾਤਾਰ ਪ੍ਰਭੂ ਦੀ ਅਣਆਗਿਆਕਾਰੀ ਕਰਦੇ ਰਹਿਣ ਕਾਰਨ ਜਾਂ ਹੋਰ ਕਿਸੇ ਕੁਰਬਾਨੀ ਜਾਂ ਮੂਰਤੀ ਵੱਲ ਮੁੜ ਜਾਣ ਕਾਰਨ ਉਹ ਪ੍ਰਭੂ ਦੇ ਨਾਲ ਵਿਸ਼ੇਸ਼ ਸੰਬੰਧ ਦੀ ਅਸੀਸ ਨੂੰ ਅਤੇ ਆਪਣੇ ਸੁਆਮੀ ਦੀ ਸੇਵਾ ਕਰਨ ਦੇ ਮੌਕੇ ਨੂੰ **ਗੁਆ ਬੈਠਦੇ** ਹਨ। ਉਹ ਆਪਣਾ **ਮੁਕਟ ਗੁਆ ਬੈਠਣਗੇ** (ਪਰਕਾਸ਼ 3:11)। ਅਤੇ ਇਹ ਵੀ ਸੰਭਵ ਹੈ ਕਿ ਉਹ ਇਸ ਹੱਦ ਤੱਕ ਪੁੱਜ ਜਾਣ ਕਿ ਪ੍ਰਭੂ ਉਨ੍ਹਾਂ ਨੂੰ ਘਰ ਸੱਦ ਲਵੇ। ਹਨਾਨਿਯਾ ਅਤੇ ਸਫ਼ੀਰਾ ਨਾਲ ਇਹੋ ਹੋਇਆ ਸੀ (ਰਸੂਲਾਂ 5:1-11)। ਉਨ੍ਹਾਂ ਦੀ ਮੂਰਤੀ ਪੈਸਾ ਸੀ।

**ਪ੍ਰਭੂ ਦੇ ਲੋਕਾਂ**, ਇਸਰਾਏਲ ਨੇ, **ਬਲਵਾ ਕੀਤਾ** ਅਤੇ ਆਪਣੇ ਪ੍ਰਤਿੱਗਿਆ ਦੇ ਦੇਸ ਵਿੱਚ ਪ੍ਰਵੇਸ਼ ਕਰਨ ਤੋਂ **ਇਨਕਾਰ ਕਰ ਦਿੱਤਾ**।

- ਸਾਡਾ ਬਲਵਾ ਅਤੇ ਅਣਆਗਿਆਕਾਰੀ ਸਾਨੂੰ ਇਸ ਧਰਤੀ ਉੱਤੇ ਪਰਮੇਸ਼ਰ ਦੇ ਰਾਜ ਦੀਆਂ ਅਸੀਸਾਂ ਦੀ ਭਰਪੂਰੀ ਦਾ ਅਨੰਦ ਮਾਣਨ ਤੋਂ ਡੱਕਦੇ ਹਨ।

ਬਾਦ ਵਿੱਚ ਜਦੋਂ ਉਨ੍ਹਾਂ ਨੇ ਆਪਣੇ ਮਨ ਬਦਲੇ ਅਤੇ ਪ੍ਰਵੇਸ਼ ਕਰਨ ਦਾ ਜਤਨ ਕੀਤਾ, ਤਦ ਪ੍ਰਭੂ ਨੇ ਉਨ੍ਹਾਂ ਨੂੰ ਉਸ ਧਰਤੀ ਉੱਤੇ ਅਧਿਕਾਰ ਕਰਨ ਦੀ ਇਜਾਜ਼ਤ ਨਾ ਦਿੱਤੀ, ਜਿੱਥੇ ਦੁੱਧ ਅਰ ਸ਼ਹਿਤ ਵੱਗਦਾ ਹੈ।

- ਉਸ ਨੇ ਉਨ੍ਹਾਂ ਨੂੰ ਤੋਬਾ ਕਰਨ ਦੀ ਇਜਾਜ਼ਤ ਨਾ ਦਿੱਤੀ (2 ਤਿਮੋਥਿਉਸ 2:25-26)

ਇਸ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਇਸ ਧਰਤੀ ਉੱਤੇ ਇੱਕ **ਖੁਸ਼ਹਾਲ ਜੀਵਨ** ਲਈ **ਅਸੀਸਾਂ ਦੀ ਭਰਪੂਰੀ ਤੋਂ ਬਿਨਾ** ਉਜਾੜ ਵਿੱਚ ਹੋਰ ਵਧੇਰੇ **ਕਠਣ** ਅਤੇ **ਔਖਾ ਜੀਵਨ** ਮਿਲਿਆ।

> 1 ਕੁਰਿੰਥੀਆਂ 10:5 ਪਰੰਤੂ ਪਰਮੇਸ਼ਰ ਓਹਨਾਂ ਵਿੱਚੋਂ ਬਾਹਲਿਆਂ ਨਾਲ **ਪਰਸੰਨ ਨਹੀਂ ਸੀ** ਸੋ ਓਹ ਉਜਾੜ ਵਿੱਚ ਢਹਿ ਪਏ।

**ਇਬਰਾਨੀਆਂ 10:39** ਪਰ ਅਸੀਂ (ਸੱਚੇ ਵਿਸ਼ਵਾਸੀ) ਓਹਨਾਂ ਵਿੱਚੋਂ ਨਹੀਂ ਜਿਹੜੇ **ਪਿਛਾਹਾਂ ਹਟ ਕੇ** (ਮੁੜ ਕੇ ਜਾਂ ਬੇਮੁੱਖ ਹੋ ਕੇ) ਨਸ਼ਟ ਹੋ ਜਾਂਦੇ ਹਨ ਸਗੋਂ **ਓਹਨਾਂ ਵਿੱਚੋਂ ਜਿਹੜੇ ਨਿਹਚਾ ਕਰ ਕੇ** ਜਾਨ ਬਚਾ (ਸੁਰੱਖਿਅਤ) ਰੱਖਦੇ ਹਨ।

- "ਨਸ਼ਟ ਹੋ ਜਾਂਦੇ" ਲਈ ਇਸਤੇਮਾਲ ਹੋਏ ਯੂਨਾਨੀ ਸ਼ਬਦ ਦਾ ਅਰਥ ਹੈ, ਉੱਜੜਨਾ ਜਾਂ ਹਾਨੀ ਹੋਣਾ। ਜਿਵੇਂ ਕਿ ਲਹੂ ਨਾਲ ਛੁਡਾਏ ਗਏ ਉਸ ਦੇ ਲੋਕ, ਇਸਰਾਏਲ, ਆਪਣੀ ਅਣਆਗਿਆਕਾਰੀ ਦੇ ਕਾਰਨ: ਉਜਾੜ ਵਿੱਚ ਢਹਿ ਪਏ... ਸੱਪਾਂ ਤੋਂ ਨਾਸ ਹੋਏ... ਨਾਸ ਕਰਨ ਵਾਲੇ ਤੋਂ ਨਾਸ ਹੋਏ (1 ਕੁਰਿੰਥੀਆਂ 10:1-11)। ਪਰ ਅਜੇ ਵੀ ਉਹ ਉਸ ਦੇ ਨਾਲ ਲਹੂ ਦੇ ਨੇਮ ਰਾਹੀਂ ਬੱਝੇ ਉਸ ਦੇ ਲੋਕ ਸਨ।
- ਅਸੀਂ ਪੂਰੀ ਤਰ੍ਹਾਂ ਪ੍ਰਭੂ ਦੀ ਪੈਰਵੀ ਅਤੇ ਆਗਿਆਕਾਰੀ ਨਾ ਕਰਕੇ ਅਤੇ ਉਸ ਤੋਂ ਪਿਛਾਂਹ ਹਟ ਕੇ ਜਾਂ ਬੇਮੁੱਖ ਹੋ ਕੇ ਆਪਣੇ ਉੱਤੇ ਬਹੁਤ ਕਠਣ ਸਮੇਂ, ਸਮੱਸਿਆਵਾਂ, ਉਜਾੜ ਅਤੇ ਹਾਨੀ ਲੈ ਆਉਂਦੇ ਹਾਂ।

ਉਹ ਸਦੀਪਕ ਜੀਵਨ ਗੁਆਣ ਬਾਰੇ ਗੱਲ **ਨਹੀਂ** ਕਰ ਰਿਹਾ, ਸਗੋਂ ਆਗਿਆਕਾਰੀ ਅਤੇ ਛੁਟਕਾਰੇ ਅਤੇ **ਪਰਮੇਸ਼ਰ ਦੀ ਸੰਪੂਰਨ ਮੁਕਤੀ, ਪੂਰੀਆਂ ਅਤੇ ਭਰਪੂਰ ਅਸੀਸਾਂ** ਵਿੱਚ ਜੀਵਨ ਬਤੀਤ ਕਰਨ ਦੀ ਗੱਲ ਕਰ ਰਿਹਾ ਹੈ।

**ਧਰਮੀ ਠਹਿਰਾਏ ਜਾਣ** ਅਤੇ **ਬਚਾਏ ਜਾਣ** ਵਿੱਚ ਫਰਕ ਹੈ।

> ਇੱਕ ਵਾਰ ਬਚਾਏ ਗਏ ਤਾਂ ਮਤਲਬ ਹਮੇਸ਼ਾ ਲਈ ਬਚਾਏ ਗਏ — ਜ਼ਰੂਰੀ ਨਹੀਂ ਹੈ ਕਿ ਇਹ ਸੱਚ ਹੈ।
>
> ਇੱਕ ਵਾਰ ਧਰਮੀ ਠਹਿਰਾਏ ਗਏ ਤਾਂ ਮਤਲਬ ਹਮੇਸ਼ਾ ਲਈ ਧਰਮੀ ਠਹਿਰਾਏ ਗਏ — ਪੂਰੀ ਤਰ੍ਹਾਂ ਸੱਚ ਹੈ।
> (ਰੋਮੀਆਂ 4:7-8; 5:1, 9-10; 8:26-39; 10:9-13)

ਉਦਾਹਰਣ:

ਪ੍ਰਤਿੱਗਿਆ ਕੀਤੇ ਗਏ ਦੇਸ ਵਿੱਚ ਇਸਰਾਏਲ (ਪਰਮੇਸ਼ਰ ਦੇ ਰਾਜ ਦੀ ਇੱਕ ਤਸਵੀਰ): ਉਹ ਲੇਲੇ ਦੇ ਲਹੂ ਦੁਆਰਾ ਛੁਡਾਏ ਗਏ ਅਤੇ ਧਰਮੀ ਠਹਿਰਾਏ ਗਏ ਸਨ।

ਪਰ ਬਾਦ ਵਿੱਚ ਪਾਪ ਦੇ ਕਾਰਨ — ਉਨ੍ਹਾਂ ਨੂੰ ਬਾਬੁਲ ਵਿੱਚ (ਪਰਮੇਸ਼ਰ ਦੇ ਰਾਜ ਵਿੱਚੋਂ ਬਾਹਰ) ਜਾਣਾ ਪਿਆ। ਉਹ ਅਜੇ ਵੀ ਪਰਮੇਸ਼ਰ ਦੇ ਲੋਕ ਸਨ, ਧਰਮੀ ਠਹਿਰਾਏ ਹੋਏ ਸਨ, ਪਰ ਹੁਣ ਉਹ ਆਪਣਿਆਂ ਕੰਮਾਂ ਦੇ ਨਤੀਜਿਆਂ ਤੋਂ ਬਚੇ ਹੋਏ ਨਹੀਂ ਸਨ, ਜੋ ਅੱਤਿਆਚਾਰ ਅਤੇ ਅਜ਼ਾਦੀ ਦੀ ਹਾਨੀ ਦੇ ਰੂਪ ਵਿੱਚ ਆਏ।

ਇਸ ਭਾਵ ਨਾਲ ਧਰਮੀ ਠਹਿਰਾਏ ਗਏ ਲੋਕਾਂ ਵਿੱਚੋਂ ਜ਼ਿਆਦਾਤਰ ਬਚਾਏ ਹੋਏ ਨਹੀਂ ਹਨ। ਕਹਿਣ ਦਾ ਭਾਵ ਹੈ, ਉਹ ਪਾਪ ਉੱਤੇ ਜਿੱਤ ਵਿੱਚ ਨਹੀਂ ਚਲ ਰਹੇ ਹਨ ਜਿੱਥੇ ਸ਼ਤਾਨ ਉਨ੍ਹਾਂ ਨੂੰ ਨਹੀਂ ਛੂਹ ਸਕਦਾ।

ਸਦੀਪਕ ਮੁਕਤੀ ਲਈ ਉਸ ਦੀ ਸਲੀਬ ਨੂੰ ਚੁੱਕ ਲਵੋ — ਧਰਮੀ ਠਹਿਰਾਏ ਜਾਣਾ।

> ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ **ਬਚਾਏ ਗਏ** ਅਤੇ ਇਹ ਤੁਹਾਡੀ ਵੱਲੋਂ ਨਹੀਂ ਇਹ ਪਰਮੇਸ਼ਰ ਦੀ ਬਖ਼ਸ਼ੀਸ਼ ਹੈ। ਅਫ਼ਸੀਆਂ 2:8

ਰੋਜਾਨਾ ਬਚੇ ਰਹਿਣ ਲਈ ਆਪਣੀ ਸਲੀਬ ਨੂੰ ਚੁੱਕੋ — ਪਾਪ ਅਤੇ ਸ਼ਤਾਨ ਉੱਤੇ ਜਿੱਤ।

> ਸਲੀਬ ਦੀ ਕਥਾ ਤਾਂ ਉਨ੍ਹਾਂ ਦੇ ਭਾਣੇ ਜਿਹੜੇ ਨਾਸ ਹੋ ਰਹੇ ਹਨ ਮੂਰਖਤਾਈ ਹੈ ਪਰੰਤੂ ਸਾਡੇ ਭਾਣੇ ਜਿਹੜੇ **ਬਚਾਏ ਜਾਂਦੇ ਹਾਂ** ਉਹ ਪਰਮੇਸ਼ਰ ਦੀ ਸ਼ਕਤੀ ਹੈ। 1 ਕੁਰਿੰਥੀਆਂ 1:18 (ਬਚੇ ਰਹਿਣਾ — ਸੰਪੂਰਨ ਹੋ ਚੁੱਕਾ ਕੰਮ ਨਹੀਂ, ਸਗੋਂ ਲਗਾਤਾਰ ਚੱਲਦੇ ਰਹਿਣ ਵਾਲੀ ਪ੍ਰਕਿਰਿਆ।)

ਚੇਤੇ ਰੱਖੋ: ਇਬਰਾਨੀਆਂ 9:12 ਆਪਣੇ ਹੀ ਲਹੂ ਦੇ ਰਾਹੀਂ ਪਵਿੱਤਰ ਅਸਥਾਨਾਂ ਦੇ ਅੰਦਰ **ਸਦੀਪਕ ਨਿਸਤਾਰਾ ਕਮਾ ਕੇ** ਇੱਕੋ ਵਾਰ ਅੰਦਰ ਗਿਆ। ਅਤੇ ਅਸੀਂ ਧਰਮੀ ਠਹਿਰਾਏ ਗਏ।

ਮਸਲਾ ਇਹ ਹੈ: ਕੇਵਲ ਇੱਕੋ ਕੁਰਬਾਨੀ ਹੀ ਪਰਮੇਸ਼ਰ ਨੂੰ ਪ੍ਰਸੰਨ ਕਰਦੀ ਹੈ।

ਕੇਵਲ ਯਿਸੂ ਦਾ ਲਹੂ:

1. ਪਾਪ ਮਾਫ ਕਰਦਾ ਹੈ — ਧਰਮੀ ਠਹਿਰਾਉਂਦਾ ਹੈ, ਸਦੀਪਕ ਜੀਵਨ ਦਿੰਦਾ ਹੈ (ਰੋਮੀਆਂ 3:24)।
2. ਮੈਨੂੰ ਮੇਰੇ ਰੋਜਾਨਾ ਦੇ ਪਾਪਾਂ ਤੋਂ ਸ਼ੁੱਧ ਕਰਦਾ ਹੈ, ਜਿਸ ਤੋਂ ਮੈਨੂੰ ਉਸ ਦੇ ਨਾਲ ਨੇੜਤਾ ਦੀ ਸੰਗਤੀ, ਅਸੀਸਾਂ ਅਤੇ ਅਧਿਕਾਰ ਮਿਲਦੇ ਹਨ (1 ਯੂਹੰਨਾ 1:6-10)।

ਜੇਕਰ ਮੈਂ ਸਲੀਬ ਤੋਂ — ਯਿਸੂ ਮਸੀਹ ਦੇ ਲਹੂ ਤੋਂ — ਬੇਮੁਖ ਹੋ ਜਾਵਾਂ ਅਤੇ ਸ਼ੁੱਧੀਕਰਨ ਲਈ ਕਿਸੇ ਹੋਰ ਕੁਰਬਾਨੀ ਵੱਲ ਮੁੜ ਜਾਵਾਂ — ਜਾਂ ਕੇਵਲ ਉਸ ਤੋਂ ਬੇਮੁਖ ਹੋ ਕੇ ਉਸ ਦੇ ਪ੍ਰਬੰਧ ਨੂੰ ਅਣਦੇਖਾ ਕਰ ਦੇਵਾਂ — ਤਾਂ ਮੈਂ ਕਿਰਪਾ ਤੋਂ ਬੇਮੁਖ ਹੋ ਗਿਆ ਹਾਂ।

ਮੈਂ ਪਾਪ ਦੀ ਮਾਫੀ ਦੇ ਇੱਕਮਾਤਰ ਜ਼ਰੀਏ ਤੋਂ ਬੇਮੁਖ ਹੋ ਗਿਆ ਹਾਂ।

ਗਲਾਤੀਆਂ ਦੇ ਵਿਸ਼ਵਾਸੀਆਂ ਨੇ ਇਹੋ ਕੀਤਾ ਸੀ:

(1:6) ਮੈਂ ਅਚਰਜ ਹੁੰਦਾ ਹਾਂ ਜੋ ਤੁਸੀਂ ਉਸ ਤੋਂ ਜਿਹ ਨੇ ਮਸੀਹ ਦੀ ਕਿਰਪਾ ਵਿੱਚ ਤੁਹਾਨੂੰ ਸੱਦਿਆ ਐਨੀ ਛੇਤੀ ਹੋਰ ਕਿਸੇ ਖੁਸ਼ ਖਬਰੀ ਦੀ ਵੱਲ **ਝੁੱਕਦੇ ਜਾਂਦੇ ਹੋ।** NKJV ਦਾ "ਬੇਮੁਖ ਹੁੰਦੇ ਜਾਂਦੇ ਹੋ" ਸਭ ਤੋਂ ਵਧੀਆ ਅਨੁਵਾਦ ਹੈ।

(ਚੇਤੇ ਰੱਖੋ: ਜਿਨ੍ਹਾਂ ਨੂੰ ਉਸ ਨੇ ਸੱਦਿਆ ਓਹਨਾਂ ਨੂੰ ਧਰਮੀ ਭੀ ਠਹਿਰਾਇਆ ਰੋਮੀਆਂ 8:30)

(3:1) ਹੇ ਮੂਰਖ ਗਲਾਤੀਓ, ਕਿਹ ਨੇ ਤੁਹਾਡੇ ਉੱਤੇ *ਜਾਦੂ ਪਾ ਲਏ (*ਗਲਤ ਦਿਖਾਵੇ ਕਰਕੇ ਮੋਹ ਲੈਣਾ)

(3:2 -3) ਮੈਂ ਤੁਹਾਥੋਂ ਨਿਰਾ ਇੰਨਾ ਮਲੂਮ ਕਰਨਾ ਚਾਹੁੰਦਾ ਹਾਂ ਭਈ ਤੁਹਾਨੂੰ ਸ਼ਰਾ ਦੇ ਕੰਮਾਂ ਤੋਂ **ਆਤਮਾ ਪਰਾਪਤ ਹੋਇਆ** ਅਥਵਾ ਨਿਹਚਾ ਦੇ ਸੁਨੇਹੇ ਤੋਂ? (3) ਕੀ ਤੁਸੀਂ ਇਹੋ ਜਿਹੇ ਮੂਰਖ ਹੋ? ਭਲਾ, **ਆਤਮਾ ਦੁਆਰਾ ਅਰੰਭ ਕਰ ਕੇ** ਤੁਸੀਂ ਹੁਣ **ਸਰੀਰ ਦੁਆਰਾ ਸਮਾਪਤ ਕਰਦੇ ਹੋ?**

ਉਨ੍ਹਾਂ ਨੇ "**ਆਤਮਾ ਪਰਾਪਤ**" ਕੀਤਾ ਸੀ ਅਤੇ ਇਸ ਕਰਕੇ **ਧਰਮੀ ਠਹਿਰਾਏ ਗਏ** ਸਨ। ਪਰ ਉਹ ਸੌੜੇ ਰਾਹ ਤੋਂ ਮੁੜ ਰਹੇ ਸਨ (ਮੱਤੀ 7:14) ਅਰਥਾਤ ਲੇਲੇ, ਯਿਸੂ ਮਸੀਹ, ਦੇ ਲਹੂ ਤੋਂ ਮੁੜ ਰਹੇ ਸਨ ਅਤੇ ਇਹ ਗਲਤ ਸੋਚ ਪੈਦਾ ਕਰ ਰਹੇ ਸਨ ਕਿ ਆਪਣੀ ਕਿਸੇ ਮਿਹਨਤ ਸਦਕਾ ਪ੍ਰਭੂ ਦੀਆਂ ਅਸੀਸਾਂ ਅਤੇ ਕਿਰਪਾ ਨੂੰ ਹਾਸਿਲ ਕਰ ਲੈਣਗੇ।

ਗਲਾਤੀਆਂ 5:1-2 ਅਜ਼ਾਦੀ ਲਈ ਮਸੀਹ ਨੇ ਸਾਨੂੰ (ਆਪਣਿਆਂ ਸਾਰੇ ਜਤਨਾਂ ਅਤੇ ਭਿੰਨ-ਭਿੰਨ ਪ੍ਰਭਾਵਹੀਣ ਧਾਰਮਿਕ ਕਰਮਕਾਂਡਾਂ ਤੋਂ) ਅਜ਼ਾਦ ਕੀਤਾ। ਇਸ ਲਈ ਦ੍ਰਿੜ ਰਹੋ ਅਤੇ ਗੁਲਾਮੀ ਦੇ ਜੂਲੇ ਹੇਠਾਂ ਮੁੜ ਕੇ ਨਾ ਜੁਪੋ। (2) ਵੇਖੋ, ਮੈਂ ਪੌਲੁਸ ਤੁਹਾਨੂੰ ਆਖਦਾ ਹਾਂ ਭਈ ਜੇ ਤੁਸੀਂ (ਹਰ ਪ੍ਰਕਾਰ ਦੇ ਸਰੀਰ ਦਾ ਕੰਮ ਤੋਂ) ਸੁੰਨਤ ਕਰਾਵੋ ਤਾਂ ਮਸੀਹ ਕੋਲੋਂ ਤੁਹਾਨੂੰ ਕੁਝ ਲਾਭ ਨਾ ਹੋਵੇਗਾ। (4) ਤੁਸੀਂ ਜੋ ਸ਼ਰਾ ਨਾਲ ਧਰਮੀ ਬਣਨਾ ਚਾਹੁੰਦੇ ਹੋ ਸੋ ਮਸੀਹ ਤੋਂ ਅੱਡ ਹੋ ਗਏ ਹੋ (ਸ਼ਾਬਦਿਕ ਅਨੁਵਾਦ ਇਹ ਹੈ ਕਿ ਮਸੀਹ ਤੁਹਾਡੇ ਵਿੱਚ ਪ੍ਰਭਾਵਹੀਣ ਹੋ ਗਿਆ ਹੈ)। ਤੁਸੀਂ ਕਿਰਪਾ ਤੋਂ ਡਿੱਗ ਗਏ ਹੋ। ਤੋਹਫੇ ਤੋਂ ਡਿੱਗ ਕੇ ਆਪਣੇ ਜਤਨਾਂ ਦੇ ਜਾਲ ਵਿੱਚ ਫਸ ਗਏ ਹੋ।

(13) ਹੇ ਭਰਾਵੋ, ਤੁਸੀਂ ਤਾਂ ਅਜ਼ਾਦੀ ਲਈ ਸੱਦੇ ਗਏ ਸਾਓ ਪਰ ਆਪਣੀ ਅਜ਼ਾਦੀ ਨੂੰ ਸਰੀਰ ਲਈ ਔਸਰ ਜਾਣ ਕੇ ਨਾ ਵਰਤੋ ਸਗੋਂ ਪ੍ਰੇਮ ਦੇ ਰਾਹੀਂ ਇੱਕ ਦੂਏ ਦੀ ਟਹਿਲ ਸੇਵਾ ਕਰੋ।

ਤੁਲਨਾ ਕਰੋ: 1 ਯੂਹੰਨਾ 1:7 ਜੇ ਅਸੀਂ **ਚਾਨਣ ਵਿੱਚ ਚੱਲੀਏ** ਜਿਵੇਂ ਉਹ ਚਾਨਣ ਵਿੱਚ ਹੈ ਤਾਂ ਸਾਡੀ ਆਪੋ ਵਿੱਚੀਂ **ਸੰਗਤ** ਹੈ ਅਤੇ ਉਹ ਦੇ ਪੁੱਤਰ **ਯਿਸੂ ਦਾ ਲਹੂ ਸਾਨੂੰ ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ**। (9) **ਜੇ ਅਸੀਂ** ਆਪਣਿਆਂ

ਪਾਪਾਂ ਦਾ **ਇਕਰਾਰ ਕਰੀਏ** ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ **ਸ਼ੁੱਧ ਕਰੇ।**

- **ਨਿਹਚਾ** — ਸਦੀਪਕ ਜੀਵਨ ਲਈ (ਯੂਹੰਨਾ 3:16)।
- **ਇਕਰਾਰ** — ਸੰਗਤ ਅਤੇ ਅਸੀਸਾਂ ਨੂੰ ਬਣਾਈ ਰੱਖਣ ਲਈ ਰੋਜਾਨਾ ਦੇ ਸ਼ੁੱਧੀਕਰਨ ਦੇ ਲਈ।

ਕਿਉਂਕਿ **ਪਾਪ ਦੀ ਮਾਫੀ ਮਿਲ ਚੁੱਕੀ ਹੈ**, ਇਸ ਲਈ ਮਸਲਾ ਉਨ੍ਹਾਂ ਪਾਪਾਂ ਤੋਂ **ਸਾਡੇ ਰੋਜਾਨਾ ਦੇ ਸ਼ੁੱਧੀਕਰਨ ਦਾ ਹੈ** ਜੋ ਅਸੀਂ ਰੋਜਾਨਾ ਕਰਦੇ ਹਾਂ। ਅਤੇ ਮਸਲਾ ਸਾਡੇ ਧਰਮੀ ਠਹਿਰਾਏ ਜਾਣ ਦਾ **ਨਹੀਂ** ਹੈ, ਪਰ ਪ੍ਰਭੂ ਦੇ ਨਾਲ ਅਤੇ ਇੱਕ ਦੂਜੇ ਦੇ ਨਾਲ **ਸੰਗਤੀ** ਦਾ ਹੈ ਅਤੇ ਉਸ ਸੰਗਤੀ ਵਜੋਂ ਮਿਲਣ ਵਾਲੀਆਂ ਅਸੀਸਾਂ ਅਤੇ ਅਧਿਕਾਰਾਂ ਦਾ ਹੈ।

ਇੱਥੇ **ਇਬਰਾਨੀਆਂ 10:26** ਵਿੱਚ ਇਹੋ ਗੱਲ ਹੋ ਰਹੀ ਹੈ: ਜੇ ਅਸੀਂ ਸਤ ਦਾ ਗਿਆਨ ਪਰਾਪਤ ਕਰਨ ਦੇ ਪਿੱਛੋਂ ਜਾਣ ਬੁਝ ਕੇ ਪਾਪ ਕਰੀ ਜਾਈਏ ਤਾਂ ਪਾਪਾਂ ਦੇ ਨਮਿੱਤ ਫੇਰ ਕੋਈ ਬਲੀਦਾਨ ਨਹੀਂ।

- ਅਸੀਂ ਕਿਸੇ ਹੋਰ ਕੁਰਬਾਨੀ ਵੱਲ ਕਦੇ ਨਾ ਮੁੜੀਏ।
- ਮੇਰੇ ਪਾਪ ਨੂੰ ਕੌਣ ਧੋ ਸਕਦਾ ਹੈ? ਹੋਰ ਕੁਝ ਨਹੀਂ, ਪਰ ਕੇਵਲ ਯਿਸੂ ਦਾ ਲਹੂ।
- ਮੈਨੂੰ ਫਿਰ ਤੋਂ ਸਾਫ ਕੌਣ ਕਰ ਸਕਦਾ ਹੈ? ਹੋਰ ਕੁਝ ਨਹੀਂ, ਪਰ ਕੇਵਲ ਯਿਸੂ ਦਾ ਲਹੂ।
- ਮੇਰੇ ਕੋਲ ਹੋਰ ਕੋਈ ਦਲੀਲ ਨਹੀਂ ਹੈ, ਬਸ ਇਹੋ ਕਿ ਤੇਰਾ ਲਹੂ ਮੇਰੇ ਲਈ ਵਹਾਇਆ ਗਿਆ।

ਮੇਰੀ ਆਸਾ ਹੋਰ ਕਿਸੇ ’ਤੇ ਨਹੀਂ, ਪਰ ਕੇਵਲ ਯਿਸੂ ਦੇ ਲਹੂ ਅਤੇ ਧਾਰਮਿਕਤਾ ’ਤੇ ਖੜ੍ਹੀ ਹੈ।

ਆਮੀਨ!